ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 05 SATURDAY, 29 JANUARY, 2022

www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੈਨੇਡਾ ਨੇ ਯੂਕਰੇਨ ਨੂੰ ਕੀਤੀ ਗੈਰ-ਘਾਤਕ ਸਾਜ਼ੋ ਸਮਾਨ ਤੇ 400 ਸੈਨਿਕਾਂ ਦੀ ਪੇਸ਼ਕਸ਼



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਵਲੋਂ ਹਥਿਆਰ ਦੇਣ ਲਈ ਕੀਤੀ ਬੇਨਤੀ ਨੂੰ ਹਾਲ ਦੀ ਘੜੀ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਰੂਸੀ ਹਮਲੇ ਨਾਲ ਨਜਿੱਠਣ ਲਈ ਇਕ ਕੂਟਨੀਤਕ ਹੱਲ ਦੀ ਲੋੜ ਹੈ। ਟਰੂਡੋ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਕੈਨੇਡਾ ਯੂਕਰੇਨ ਨੂੰ ਬੁਲਟ ਪਰੂਫ ਜੈਕਟਾਂ ਅਤੇ ਰਾਤ ਨੂੰ ਦੇਖਣ ਵਾਲੀਆਂ ਐਨਕਾਂ (ਨਾਈਟ-ਵੀਜ਼ਨ ਗੌਗਲਜ਼) ਵਰਗੇ ਰੱਖਿਆ ਔਜਾਰ ਭੇਜੇਗਾ ਪਰ ਅਜੇ ਹਥਿਆਰ ਨਹੀਂ ਭੇਜੇ ਜਾਣਗੇ। ਯੂਕਰੇਨ ਦੀਆਂ ਸਰਹੱਦਾਂ 'ਤੇ ਇਕ ਲੱਖ ਤੋਂ ਵੀ ਜ਼ਿਆਦਾ ਰੂਸੀ ਸੈਨਿਕ ਜਮ੍ਹਾਂ ਹੋਣ ਕਾਰਨ ਯੂਕਰੇਨ ਲਈ ਖਤਰਾ ਬਣਿਆਂ ਹੋਇਆ ਹੈ ਅਤੇ ਇਸ ਨੇ ਕੈਨੇਡਾ ਨੂੰ ਹਥਿਆਰ ਭੇਜਣ ਦੀ ਅਪੀਲ ਕੀਤੀ ਹੈ। ਟਰੂਡੋ ਨੇ ਇਹ ਵੀ ਐਲਾਨ ਕੀਤਾ ਕਿ ਆਪਰੇਸ਼ਨ ਯੂਨੀਫਾਇਰ ਜਿਸ ਵਿਚ 200 ਸੈਨਿਕ ਯੂਕਰੇਨ ਸੈਨਿਕਾਂ ਨੂੰ ਸਿਖਲਾਈ ਦੇ ਰਹੇ ਹਨ ਨੂੰ 60 ਹੋਰ ਸੈਨਿਕਾਂ ਦਾ ਤੁਰੰਤ ਹੁਲਾਰਾ ਮਿਲੇਗਾ ਅਤੇ ਇਸ ਆਪਰੇਸ਼ਨ ਲਈ ਸੈਨਿਕਾਂ ਦੀ ਗਿਣਤੀ ਵਧਾ ਕੇ 400 ਕੀਤੇ ਜਾਣ ਦੀ ਸੰਭਾਵਨਾ ਹੈ। ਅਸੀਂ ਕਈ ਸਾਲਾਂ ਤੋਂ ਕੈਨੇਡੀਅਨ ਸੈਨਿਕਾਂ ਦੀ ਸਿਖਲਾਈ ਦੇਣ ਦੇ ਮਿਸ਼ਨ ਨੂੰ ਇਹ ਯਕੀਨੀ ਬਣਾਉਣ ਲਈ ਜਾਰੀ ਰੱਖ ਰਹੇ ਹਾਂ ਕਿ ਯੂਕਰੇਨੀਅਨ ਆਪਣੀ ਇਲਾਕਾਈ ਅਖੰਡਤਾ ਅਤੇ ਆਪਣੇ ਲੋਕਤੰਤਰ ਦੀ ਰਾਖੀ ਕਰ ਸਕਣ। ਇਸ ਹਫ਼ਤੇ ਕੈਨੇਡਾ ਨੂੰ ਇਕ ਅਪੀਲ ਵਿਚ ਯੂਕਰੇਨ ਦੇ ਦੂਤਘਰ ਨੇ ਕਿਹਾ ਕਿ ਸਾਡੀ ਸਰਹੱਦ ਅਤੇ ਯੂਕਰੇਨ ਦੇ ਖੇਤਰ ਵਿਚ ਕਬਜ਼ੇ ਵਾਲੇ ਹਿੱਸਿਆਂ 'ਤੇ ਸੈਂਕੜੇ ਰੂਸੀ ਟੈਂਕ ਤੇ ਬਖਤਰਬੰਦ

*(ਬਾਕੀ ਸਫ਼ਾ 7 'ਤੇ)*

## ਕੈਨੇਡਾ ਨੇ ਕੂਟਨੀਤਕ ਪਰਿਵਾਰਾਂ ਨੂੰ ਯੂਕਰੇਨ ਛੱਡਣ ਦਾ ਦਿੱਤਾ ਹੁਕਮ

ਓਟਵਾ-ਕੈਨੇਡੀਅਨ ਸਰਕਾਰ ਨੇ ਯੂਕਰੇਨ ਵਿਚ ਕੂਟਨੀਤਕ ਸਟਾਫ ਦੇ ਪਰਿਵਾਰਕ ਮੈਂਬਰਾਂ ਨੂੰ ਯੂਕਰੇਨ ਛੱਡਣ ਦਾ ਹੁਕਮ ਦਿੱਤਾ ਹੈ ਪਰ ਦੂਤਘਰ ਦਾ ਸਟਾਫ ਉਥੇ ਰਹੇਗਾ। ਗਲੋਬਲ ਅਫੇਅਰਜ਼ ਕੈਨੇਡਾ ਨੇ ਇਕ ਬਿਆਨ ਵਿਚ ਕਿਹਾ ਕਿ ਸਰਕਾਰ ਨੇ ਦੂਤਘਰ ਸਟਾਫ ਦੇ ਬੱਚਿਆਂ, ਜੇਕਰ ਬੱਚੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਪਰਿਵਾਰਕ ਮੈਂਬਰਾਂ ਨੂੰ ਆਰਜ਼ੀ ਤੌਰ 'ਤੇ ਵਾਪਸ ਬੁਲਾਉਣ ਦਾ ਫ਼ੈਸਲਾ ਕੀਤਾ ਹੈ। ਬਿਆਨ ਵਿਚ ਕਿਹਾ ਕਿ ਗਲੋਬਲ ਅਫੇਅਰਜ਼ ਕੈਨੇਡਾ ਅਤੇ ਕੀਵ ਵਿਚ ਕੈਨੇਡੀਅਨ ਦੂਤਘਰ ਦੇ ਅਧਿਕਾਰੀ ਲਗਾਤਾਰ ਨੇੜਿਓਂ ਸਥਿਤੀ 'ਤੇ ਨਜ਼ਰ ਰੱਖਣਗੇ। ਕੂਟਨੀਤਕ ਪਰਿਵਾਰਾਂ ਨੂੰ ਕੱਢਣ ਦਾ ਫ਼ੈਸਲਾ ਯੂਕਰੇਨ ਦੇ ਆਲੇ ਦੁਆਲੇ ਰੂਸ ਦੀ ਫ਼ੌਜ ਇਕੱਠੀ ਹੋਣ ਅਤੇ ਅਸਥਿਰ ਸਰਗਰਮੀਆਂ ਕਾਰਨ ਲਿਆ ਹੈ। ਪਿਛਲੇ ਸੋਮਵਾਰ ਕੈਨੇਡਾ ਨੇ ਆਪਣੀ ਤਾਜ਼ਾ ਟਰੈਵਲ ਸਲਾਹ ਵਿਚ ਕਿਹਾ ਸੀ ਕਿ ਗੈਰ ਜ਼ਰੂਰੀ ਕੰਮ ਵਾਲੇ ਕੈਨੇਡੀਅਨਾਂ ਨੂੰ ਯੂਕਰੇਨ ਛੱਡ ਦੇਣਾ ਚਾਹੀਦਾ ਹੈ।

## ਬੀਸੀ 'ਚ ਕੋਵਿਡ-19 ਨਾਲ 21 ਹੋਰ ਮੌਤਾਂ



ਵੈਨਕੂਵਰ-ਬੀਸੀ ਵਿਚ ਕੋਵਿਡ-19 ਨਾਲ ਸਬੰਧਤ 21 ਹੋਰ ਵਿਅਕਤੀਆਂ ਦੀ ਮੌਤ ਹੋਣ ਦੀਆਂ ਰਿਪੋਰਟਾਂ ਮਿਲੀਆਂ ਹਨ ਜਿਹੜੀਆਂ ਕਿ ਸੂਬੇ ਵਿਚ ਇਕ ਦਿਨ 'ਚ ਹੋਣ ਵਾਲੀਆਂ ਮੌਤਾਂ ਵਿਚੋਂ ਸਭ ਤੋਂ ਵੱਧ ਹੈ। ਮੰਗਲਵਾਰ ਨੂੰ ਸਿਰਫ ਇਕ ਮੌਤ ਹੋਣ ਪਿੱਛੋਂ ਬੁੱਧਵਾਰ 21 ਮੌਤਾਂ ਹੋਣ ਦੀ ਰਿਪੋਰਟ ਮਿਲੀ ਹੈ ਫਿਰ ਵੀ ਸੂਬੇ ਵਿਚ ਸੱਤ ਦਿਨਾਂ ਵਿਚ 10 ਮੌਤਾਂ ਹੋਣ ਦੀ ਔਸਤ ਬਣੀ ਹੋਈ ਹੈ। ਪਿਛਲੀ ਵਾਰ ਇਹ ਔਸਤ ਜਨਵਰੀ 2021 ਵਿਚ ਬਣੀ ਸੀ। ਬੀਸੀ ਹਸਪਤਾਲਾਂ ਵਿਚ ਕੋਵਿਡ-19 ਦੇ ਪਾਜ਼ੇਟਿਵ ਟੈਸਟ ਵਾਲੇ 949 ਮਰੀਜ਼ ਹਨ। ਇਨ੍ਹਾਂ ਵਿਚ ਕੁਝ ਉਹ ਮਰੀਜ਼ ਹਨ ਜਿਨ੍ਹਾਂ ਨੂੰ ਹਸਪਤਾਲ ਦਾਖਲ ਕੀਤੇ ਜਾਣ ਦੀ ਲੋੜ ਹੈ ਜਦਕਿ ਕਈ ਹੋਰਨਾਂ ਦਾ ਹਸਪਤਾਲ ਵਿਚ ਹੋਰ ਕਾਰਨਾਂ ਕਰਕੇ ਦਾਖਲ ਕੀਤੇ ਜਾਣ ਸਮੇਂ ਇਤਫਾਕ ਨਾਲ ਟੈਸਟ ਪਾਜ਼ੇਟਿਵ ਆ ਗਿਆ। ਸਮੁੱਚੇ ਸੂਬੇ ਵਿਚ ਕੋਵਿਡ-19 ਦੇ 136 ਮਰੀਜ਼ ਆਈਸੀਯੂ ਵਿਚ ਦਾਖਲ ਹਨ। ਸਿਹਤ ਮੰਤਰਾਲਾ ਰੋਜ਼ਾਨਾ ਦੇ ਆਧਾਰ 'ਤੇ ਕੋਵਿਡ-19 ਪੇਚਦਗੀਆਂ ਨਾਲ ਮਰਨ ਵਾਲੇ ਲੋਕਾਂ ਦੀ ਟੀਕਾਕਰਣ ਸਥਿਤੀ ਬਾਰੇ ਜਾਣਕਾਰੀ ਨਹੀਂ ਦਿੰਦਾ। ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਤੋਂ ਮਿਲੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 25 ਦਸੰਬਰ ਅਤੇ 21 ਜਨਵਰੀ ਵਿਚਕਾਰ ਬੀਸੀ ਦੇ ਟੀਕਾ ਰਹਿਤ ਲਗਪਗ ਇਕ ਲੱਖ ਵਿਅਕਤੀਆਂ ਪਿੱਛੇ 10.9 ਮੌਤਾਂ ਹੋਈਆਂ ਜਦਕਿ ਇਸ ਦੀ ਤੁਲਨਾ ਵਿਚ ਦੋਵੇਂ ਟੀਕੇ ਲਗਵਾ ਚੁੱਕੇ ਇਕ ਲੱਖ ਪਿੱਛੇ 2.6 ਫ਼ੀਸਦੀ ਮੌਤਾਂ ਹੋਈਆਂ। ਬਾਲਗਾਂ ਵਿਚੋਂ 45.1 ਫ਼ੀਸਦੀ ਨੂੰ ਬੂਸਟਰ ਡੋਜ਼ਸ ਦਿੱਤੀਆਂ ਗਈਆਂ ਹਨ।

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੋ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
• ਡਿਸੇਬੀਲਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#207-7928-128 St. (York Business Centre), Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL.: 10 ISSUE: 05 SATURDAY, 29 JANUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਕਾਂਗਰਸ ਮੁੱਖ ਮੰਤਰੀ ਦੇ ਚਿਹਰੇ ਦਾ ਫ਼ੈਸਲਾ ਪਾਰਟੀ ਵਰਕਰਾਂ ਦੀ ਰਾਇ ਨਾਲ ਕਰੇਗੀ-ਰਾਹੁਲ ਗਾਂਧੀ

**• ਮੁੱਖ ਮੰਤਰੀ ਚੰਨੀ, ਸਿੱਧੂ ਤੇ ਕਾਂਗਰਸੀ ਉਮੀਦਵਾਰਾਂ ਨਾਲ ਦਰਬਾਰ ਸਾਹਿਬ ਮੱਥਾ ਟੇਕਿਆ**

ਜਲੰਧਰ-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਵਿੱਚ ਚੋਣ ਮੁਹਿਮ ਦਾ ਰਸਮੀ ਆਗਾਜ਼ ਕਰਦਿਆਂ ਐਲਾਨ ਕੀਤਾ ਕਿ ਪਾਰਟੀ ਜਲਦੀ ਹੀ ਸੂਬੇ ਵਿਚ ਮੁੱਖ ਮੰਤਰੀ ਦੇ ਚਿਹਰੇ ਦਾ ਫੈਸਲਾ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਆਪਣੇ ਵਰਕਰਾਂ ਦੀ ਰਾਇ ਜਾਨਣ ਤੋਂ ਬਾਅਦ ਮੁੱਖ ਮੰਤਰੀ ਦਾ ਚਿਹਰਾ ਐਲਾਨੇਗੀ। ਉਨ੍ਹਾਂ ਦਾਅਵਾ ਕੀਤਾ ਕਿ ਉਹ ਮਰ ਜਾਣਗੇ, ਪਰ ਕਾਂਗਰਸ ਪਾਰਟੀ ਨੂੰ ਟੁੱਟਣ ਨਹੀਂ ਦੇਣਗੇ। ਇਥੇ ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਵਿਚ 'ਪੰਜਾਬ ਫਤਿਹ ਵਰਚੁਅਲ ਰੈਲੀ' ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਜਦੋਂ ਉਹ ਗੱਡੀ ਵਿਚ ਆ ਰਹੇ ਸਨ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਨਾਲ ਇਸ ਮਸਲੇ ਨੂੰ ਵਿਚਾਰਿਆ ਕਿ ਜਿਸ ਨੂੰ ਵੀ ਮੁੱਖ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇਗਾ ਉਹ ਇਕਜੁੱਟਤਾ ਨਾਲ ਇਕ-ਦੂਜੇ ਦੇ ਨਾਲ ਖੜ੍ਹਨਗੇ। ਰਾਹੁਲ ਗਾਂਧੀ ਨੇ ਕਿਹਾ ਕਿ ਸਿੱਧੂ ਤੇ ਚੰਨੀ ਦੀ ਵੀ ਇਹ ਰਾਇ ਸੀ ਕਿ ਦੋ ਚਿਹਰੇ ਅਗਵਾਈ ਨਹੀਂ ਕਰ ਸਕਦੇ, ਇਕ ਆਗੂ ਦੇ ਨਾਂ ਦਾ ਐਲਾਨ ਕਰ ਦਿੱਤਾ ਜਾਵੇ ਤੇ ਦੂਜਾ ਆਗੂ ਉਸ ਦੀ ਪੂਰੀ ਤਰ੍ਹਾਂ ਡੱਟ ਕੇ ਹਮਾਇਤ ਕਰੇਗਾ। ਦੂਜੇ ਸਾਰੇ ਲੋਕ ਇਕ ਟੀਮ ਵਾਂਗ ਲੜਾਈ ਲੜਨਗੇ। ਰਾਹੁਲ ਗਾਂਧੀ ਨੇ ਪੰਜਾਬ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਚੋਣਾਂ ਪੰਜਾਬ ਦੇ ਭਵਿੱਖ ਦਾ ਸਵਾਲ ਹਨ ਕਿ ਪੰਜਾਬ ਕਿਸ ਦਿਸ਼ਾ ਵੱਲ ਤੇ ਕਿਵੇਂ ਅੱਗੇ ਵਧੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਡਾ. ਮਨਮੋਹਨ ਸਿੰਘ ਦੇ ਰੂਪ ਵਿਚ



*(ਬਾਕੀ ਸਫ਼ਾ 10 'ਤੇ)*

## ਮੁੱਖ ਮੰਤਰੀ ਬਾਰੇ ਦੁਚਿੱਤੀ ਖ਼ਤਮ ਹੋਵੇ-ਨਵਜੋਤ ਸਿੱਧੂ



ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵਰਚੁਅਲ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਤਿੰਨ ਗੱਲਾਂ ਦੇ ਜਵਾਬ ਮੰਗਦੇ ਹਨ ਕਿ ਉਨ੍ਹਾਂ ਨੂੰ ਚਿੱਕੜ 'ਚੋਂ ਕੌਣ ਕੱਢੇਗਾ ਤੇ ਕਿਵੇਂ ਕੱਢੇਗਾ, ਉਸ ਦਾ ਕਿਹੜਾ ਰੋਡ ਮੈਪ ਹੋਵੇਗਾ। ਪੰਜਾਬ ਦੇ ਲੋਕ ਤੀਜਾ ਸਵਾਲ ਪੁੱਛਦੇ ਹਨ ਕਿ ਬੰਦਾ ਕੌਣ ਹੋਵੇਗਾ, ਚਿਹਰਾ ਕਿਸ ਨੂੰ ਬਣਾਇਆ ਜਾਵੇਗਾ? ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਦੁਚਿੱਤੀ ਵਿਚੋਂ ਕੱਢੋ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca





TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562

# ਕੈਨੇਡਾ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਵੈਨਕੂਵਰ ਵਿਚ ਰੋਸ ਪ੍ਰਦਰਸ਼ਨ




ਸਰੀ (ਹਰਦਮ ਮਾਨ)-ਜਿੱਥੇ ਅੱਜ ਵਿਦੇਸ਼ਾਂ ਵਿੱਚ ਭਾਰਤੀ ਗਣਤੰਤਰ ਦਿਵਸ ( 26 ਜਨਵਰੀ) ਮਨਾਇਆ ਜਾ ਰਿਹਾ ਸੀ ਉੱਥੇ ਹੀ ਬੀ. ਸੀ. ਦੇ 100 ਤੋਂ ਵੱਧ ਸਿੱਖਾਂ ਨੇ ਅੱਜ ਇੰਡੀਅਨ ਕੌਂਸਲੇਟ ਦਫਤਰ ਵੈਨਕੂਵਰ ਦੇ ਸਾਹਮਣੇ ਇਕੱਠੇ ਹੋ ਕੇ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਲਈ ਰੋਸ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿੱਚ ਵੈਨਕੂਵਰ, ਸਰੀ, ਐਬਟਸਫੋਰਡ, ਡੈਲਟਾ, ਬਰਨਬੀ ਅਤੇ ਹੋਰ ਸ਼ਹਿਰਾਂ ਤੋਂ ਸਿੱਖ ਸ਼ਾਮਲ ਹੋਏ। ਮੁਜ਼ਾਹਰਾ ਕਰ ਰਹੇ ਸਿੱਖਾਂ ਨੇ ਆਪਣੇ ਹੱਥਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਬੈਨਰ ਅਤੇ ਕੇਸਰੀ ਝੰਡੇ ਫੜ੍ਹੇ ਹੋਏ ਸਨ। ਇਸ ਮੌਕੇ ਬੋਲਦਿਆਂ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਰੀ ਡੈਲਟਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ, ਸੈਕਟਰੀ ਗੁਰਮੀਤ ਸਿੰਘ ਤੂਰ, ਸਾਬਕਾ ਸੈਕਟਰੀ ਭਾਈ ਗਿਆਨ ਸਿੰਘ, ਸਤਿਕਾਰ ਕਮੇਟੀ ਐਬਟਸਫੋਰਡ ਦੇ ਆਗੂ ਕੁਲਦੀਪ ਸਿੰਘ ਸੇਖੋਂ, ਗੁਰਦੇਵ ਸਿੰਘ ਬਰਨਬੀ ਤੇ ਹੋਰ ਆਗੂਆਂ ਨੇ ਭਾਰਤ ਸਰਕਾਰ ਦੀ ਆਲੋਚਨਾ ਕੀਤੀ ਕਿ ਬਹੁਤ ਸਾਰੇ ਸਿੱਖ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਉਪਰੰਤ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਵੱਡੀ ਬੇਇਨਸਾਫੀ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਇਨ੍ਹਾਂ ਸਿੰਘਾਂ ਨੂੰ ਤੁਰੰਤ ਰਿਹਾਅ ਕਰ ਕੇ ਇਨਸਾਫ ਦਿੱਤਾ ਜਾਵੇ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has
"NO STRESS MORTGAGE"
RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB
INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE
UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਨਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਅੰਮ੍ਰਿਤਸਰ ਪੂਰਬੀ ਤੋਂ ਨਵਜੋਤ ਸਿੱਧੂ ਖ਼ਿਲਾਫ਼ ਬਿਕਰਮ ਮਜੀਠੀਆ ਲੜੇਗਾ ਚੋਣ

## ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਐਲਾਨ

ਅੰਮ੍ਰਿਤਸਰ (ਪੂਰਬੀ) ਵਿਧਾਨ ਸਭਾ ਹਲਕਾ ਹੁਣ ਪੰਜਾਬ ਦਾ ਸਭ ਤੋਂ ਵੱਧ ਸਰਗਰਮ ਅਤੇ ਚਰਚਾ ਵਾਲਾ ਚੋਣ ਅਖਾੜਾ ਬਣ ਗਿਆ ਹੈ। ਹੁਣ ਇਸ ਹਲਕੇ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਅਕਾਲੀ ਉਮੀਦਵਾਰ ਵਜੋਂ ਬਿਕਰਮ ਸਿੰਘ ਮਜੀਠੀਆ ਦੇ ਨਾਂ ਦਾ ਐਲਾਨ ਕੀਤਾ ਹੈ। ਸ੍ਰੀ ਮਜੀਠੀਆ ਹੁਣ ਦੋ ਹਲਕਿਆਂ ਮਜੀਠਾ ਅਤੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਪਾਰਟੀ ਵੱਲੋਂ ਅੱਜ ਕੀਤੇ ਐਲਾਨ ਮੁਤਾਬਕ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਲੰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਜੰਡਿਆਲਾ ਵਿਧਾਨ ਸਭਾ ਹਲਕੇ ਤੋਂ ਸਾਬਕਾ ਵਿਧਾਇਕ ਰਣਜੀਤ ਸਿੰਘ ਛੱਜਲਵੱਡੀ ਦੇ ਪੁੱਤਰ ਸਤਿੰਦਰ ਸਿੰਘ ਛੱਜਲਵੱਡੀ ਨੂੰ ਅਕਾਲੀ ਉਮੀਦਵਾਰ ਐਲਾਨਿਆ ਗਿਆ ਹੈ। ਰਣਜੀਤ ਸਿੰਘ ਛੱਜਲਵੱਡੀ ਤਿੰਨ ਵਾਰ ਵਿਧਾਇਕ ਰਹੇ ਹਨ। ਉਹ ਆਪਣੇ ਪਰਿਵਾਰ ਸਮੇਤ ਵੱਡੀ ਗਿਣਤੀ ਸਮਰਥਕਾਂ ਨਾਲ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਇਸ ਹਲਕੇ ਤੋਂ ਸਾਬਕਾ ਅਕਾਲੀ



ਵਿਧਾਇਕ ਮਲਕੀਤ ਸਿੰਘ ਏਆਰ ਨੂੰ ਉਮੀਦਵਾਰ ਬਣਾਇਆ ਸੀ, ਪਰ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਪਾਰਟੀ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਸ੍ਰੀ ਬਾਦਲ ਨੇ ਉਮੀਦਵਾਰ ਬਦਲਣ ਦਾ ਐਲਾਨ ਕੀਤਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਹੁਣ ਨਵਜੋਤ ਸਿੰਘ ਸਿੱਧੂ ਆਪਣੇ ਹਲਕੇ ਵਿਚ ਸਖ਼ਤ ਮੁਕਾਬਲੇ ਲਈ ਤਿਆਰ ਰਹੇ। ਉਨ੍ਹਾਂ ਅਕਾਲੀ ਵਰਕਰਾਂ ਨੂੰ ਕਿਹਾ ਕਿ ਸ੍ਰੀ ਸਿੱਧੂ ਨਾਲ ਲੋਹਾ ਲੈਣ ਲਈ ਤਿਆਰ ਰਹਿਣ ਅਤੇ ਤਿਆਰੀ ਸ਼ੁਰੂ ਕਰ ਦੇਣ। ਉਨ੍ਹਾਂ ਦਾਅਵਾ ਕੀਤਾ ਕਿ ਇਸ ਹਲਕੇ ਵਿਚ ਨਵਜੋਤ ਸਿੰਘ ਸਿੱਧੂ ਨੂੰ ਹਰਾ ਕੇ ਉਸ ਦੇ 'ਅਹਿਮ' ਨੂੰ ਤੋੜਨਗੇ। ਉਨ੍ਹਾਂ ਸਿੱਧੂ 'ਤੇ ਦੋਸ਼ ਲਾਇਆ ਕਿ ਸਥਾਨਕ ਸਰਕਾਰਾਂ ਦਾ ਮੰਤਰੀ ਹੁੰਦਿਆਂ ਵੀ ਉਨ੍ਹਾਂ ਹਲਕੇ ਦੇ ਲੋਕਾਂ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਕਾਂਗਰਸ ਸਰਕਾਰ ਨੇ ਝੂਠੇ ਕੇਸ ਵਿਚ ਫਸਾ ਕੇ ਸਿਆਸੀ ਮੰਤਵ ਨਾਲ ਨਿਸ਼ਾਨਾ ਬਣਾਇਆ ਹੈ। ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਉਨ੍ਹਾਂ ਮੀਡੀਆ ਨੂੰ ਦੱਸਿਆ ਕਾਂਗਰਸ ਨੇ ਪੰਜ ਸਾਲ ਬੇਅਦਬੀ ਦੇ ਮੁੱਦੇ ਨੂੰ ਸਿਰਫ ਸਿਆਸਤ ਲਈ ਵਰਤਿਆ ਹੈ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਨ੍ਹਾਂ ਦੇ ਭਰਾ ਬਿਕਰਮ ਸਿੰਘ ਮਜੀਠੀਆ ਨੂੰ ਝੂਠੇ ਤੇ ਨਜਾਇਜ਼ ਕੇਸ ਵਿਚ ਫਸਾਉਣ ਦਾ ਯਤਨ ਕੀਤਾ ਗਿਆ ਹੈ।

## ਪੁਲਿਸ ਮੁਖੀ ਚਟੋਪਾਧਿਆਏ ਦੇ ਅਪਰਾਧੀਆਂ ਨਾਲ ਸਬੰਧਾਂ ਕਾਰਣ ਫੌਜਦਾਰੀ ਕੇਸ ਕੀਤਾ ਜਾਵੇ ਦਰਜ-ਸੁਖਬੀਰ ਸਿੰਘਬਾਦਲ

ਮੁਹਾਲੀ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਹੈ ਕਿ ਅਪਰਾਧੀਆਂ ਦੇ ਹੁਕਮਾਂ ਦੀ ਕਥਿਤ ਤੌਰ 'ਤੇ ਪਾਲਣਾ ਕਰਨ ਲਈ ਡੀਜੀਪੀ ਸਿਧਾਰਥ ਚਟੋਪਾਧਿਆਏ ਖ਼ਿਲਾਫ਼ ਫੌਜਦਾਰੀ ਕੇਸ ਦਰਜ ਕੀਤਾ ਜਾਵੇ। ਇੱਥੇ ਅਕਾਲੀ ਦਲ ਤੇ ਬਸਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਪਰਵਿੰਦਰ ਸਿੰਘ ਸੋਂਦਵਾਨ ਦੇ ਹੱਕ ਪਿੰਡ ਬੜੀ ਵਿੱਚ ਚੋਣ ਪ੍ਰਚਾਰ ਕਰਨ ਪੁੱਜੇ ਸੁਖਬੀਰ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੀਡੀਆ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਡੀਜੀਪੀ ਬਾਰੇ ਮਾਮਲੇ ਨੂੰ ਬੇਨਕਾਬ ਕਰ ਕੇ ਸਚਾਈ ਸਾਹਮਣੇ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਟੇਪਾਂ ਸਾਹਮਣੇ ਆ ਗਈਆਂ ਹਨ ਜਿਨ੍ਹਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉੱਚ ਪੁਲੀਸ ਅਧਿਕਾਰੀ ਨੇ ਜਗਦੀਸ਼ ਭੋਲਾ ਨਸ਼ਾ ਕੇਸ ਦੇ ਕਥਿਤ ਮੁਲਜ਼ਮ ਨਾਲ ਗੱਲ ਕੀਤੀ ਅਤੇ ਇਕ ਅਪਰਾਧੀ ਨੇ ਪੁਲੀਸ ਅਧਿਕਾਰੀ ਨੂੰ ਕੁਝ ਪੁਲੀਸ ਅਫ਼ਸਰਾਂ ਦੀ ਬਦਲੀ ਕਰਨ, ਕੁਝ ਕੈਦੀਆਂ ਨੂੰ ਇਕ ਜੇਲ੍ਹ ਤੋਂ ਦੂਜੀ ਜੇਲ੍ਹ ਵਿੱਚ ਤਬਦੀਲ ਕਰਨ ਤੇ ਮੁਹਾਲੀ ਵਿੱਚ ਗੈਰਕਾਨੂੰਨੀ ਹਿਰਾਸਤੀ ਕੇਂਦਰ ਖੋਲ੍ਹਣ ਦੀ ਹਦਾਇਤ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨੇ ਜਨਤਕ ਹੋਈਆਂ ਰਿਕਾਰਡਿੰਗਜ਼ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਅਧਿਕਾਰੀਆਂ ਅਤੇ ਰਾਜਸੀ ਆਗੂਆਂ ਖ਼ਿਲਾਫ਼ ਕੇਸ ਦਰਜ ਹੋਵੇ। ਸ੍ਰੀ ਬਾਦਲ ਨੇ ਕਿਹਾ ਕਿ ਨਵਜੋਤ ਸਿੱਧੂ ਦੱਸਣ ਕਿ ਉਨ੍ਹਾਂ ਅਜਿਹੇ ਅਫ਼ਸਰ ਨੂੰ ਸੂਬਾ ਪੁਲੀਸ ਦੀ ਅਗਵਾਈ ਕਰਨ ਦੀ ਆਗਿਆ ਕਿਉਂ ਦਿੱਤੀ ਅਤੇ ਹੁਣ ਵੀ ਸਿੱਧੂ ਚਟੋਪਾਧਿਆਏ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਬਾਰੇ ਚੁੱਪ ਹਨ।



## ਏਅਰ ਇੰਡੀਆ ਟਾਟਾ ਗਰੁੱਪ ਦੇ ਹਵਾਲੇ

ਨਵੀ ਦਿੱਲੀ ( ਦਿਓਲ)-ਸਰਕਾਰ ਨੇ ਟਾਟਾ ਗਰੁੱਪ ਨੂੰ ਦੇਸ਼ ਦੀ ਕੌਮੀ ਏਅਰਲਾਈਨ ਏਅਰ ਇੰਡੀਆ ਦੀ ਅਧਿਕਾਰਤ ਤੌਰ 'ਤੇ ਕਮਾਨ ਸੌਂਪ ਦਿੱਤੀ ਹੈ। ਏਅਰ ਇੰਡੀਆ 67 ਸਾਲਾਂ ਬਾਅਦ ਮੁੜ ਟਾਟਾ ਗਰੁੱਪ ਦੀ ਝੋਲੀ ਪਈ ਹੈ। ਗਰੁੱਪ ਨੇ ਅਕਤੂਬਰ 1932 ਵਿੱਚ ਏਅਰ ਇੰਡੀਆ ਦੀ ਟਾਟਾ ਏਅਰਲਾਈਨਜ਼ ਵਜੋਂ ਸ਼ੁਰੂਆਤ ਕੀਤੀ ਸੀ। ਸਾਲ 1953 ਵਿੱਚ ਸਰਕਾਰ ਨੇ ਏਅਰਲਾਈਨ ਦਾ ਕੌਮੀਕਰਨ ਕਰ ਦਿੱਤਾ ਸੀ। ਟਾਟਾ ਸੰਨਜ਼ ਦੇ ਚੇਅਰਮੈਨ ਐੱਨ.ਚੰਦਰਸ਼ੇਖਰਨ ਨੇ ਕਿਹਾ ਕਿ ਏਅਰ ਇੰਡੀਆ ਮੁੜ ਉਨ੍ਹਾਂ ਦੀ ਝੋਲੀ ਪੈਣ ਨਾਲ ਗਰੁੱਪ ਬਹੁਤ ਖ਼ੁਸ਼ ਹੈ। ਨਿਵੇਸ਼ ਤੇ ਸਰਕਾਰੀ ਅਸਾਸੇ ਪ੍ਰਬੰਧਨ ਵਿਭਾਗ ਦੇ ਸਕੱਤਰ ਤੂਹਿਨ ਕਾਂਤਾ ਪਾਂਡੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਏਅਰ ਇੰਡੀਆ ਦੀ ਕਮਾਨ ਟੈਲੇਸ ਪ੍ਰਾਈਵੇਟ ਲਿਮਿਟਡ (ਟਾਟਾ ਗਰੁੱਪ ਦੀ ਹੋਲਡਿੰਗ ਕੰਪਨੀ 'ਚ ਸਬਸਿਡਰੀ) ਨੂੰ ਸੌਂਪ ਦਿੱਤੀ ਹੈ। ਪਾਂਡੇ ਨੇ ਕਿਹਾ ਕਿ ਏਅਰਲਾਈਨ ਦੇ ਨਵੇਂ ਮਾਲਕ ਟੈਲੇਸ ਹਨ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ 8 ਅਕਤੂਬਰ ਨੂੰ ਨਿਲਾਮੀ ਦੇ ਫਸਵੇਂ ਮੁਕਾਬਲੇ ਵਿੱਚ ਏਅਰ ਇੰਡੀਆ 18000 ਕਰੋੜ ਰੁਪਏ ਵਿੱਚ ਟੈਲੇਸ ਪ੍ਰਾਈਵੇਟ ਲਿਮਿਟਡ ਨੂੰ ਵੇਚ ਦਿੱਤੀ ਸੀ। ਇਸ ਦੌਰਾਨ ਸਰਕਾਰ ਨੇ ਕੌਮੀ ਏਅਰਲਾਈਨ ਏਅਰ ਇੰਡੀਆ ਅਧਿਕਾਰਤ ਰੂਪ ਵਿੱਚ ਟਾਟਾ ਗਰੁੱਪ ਨੂੰ ਸੌਂਪਣ ਤੋਂ ਪਹਿਲਾਂ ਅੱਜ ਏਅਰ ਇੰਡੀਆ ਤੇ ਵਿਸ਼ੇਸ਼ ਪਰਪਜ਼ ਵਹੀਕਲ ਏਆਈਏਐੱਚਐੱਲ ਦਰਮਿਆਨ ਨਾਨ-ਕੋਰ ਅਸਾਸਿਆਂ ਦੇ ਤਬਾਦਲੇ ਨੂੰ ਲੈ ਕੇ ਹੋਏ ਕਰਾਰ ਨੂੰ ਨੋਟੀਫਾਈ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਪਿਛਲੇ ਸਾਲ ਅਕਤੂਬਰ ਵਿੱਚ ਕੌਮੀ ਏਅਰਲਾਈਨ ਏਅਰ ਇੰਡੀਆ 18,000 ਕਰੋੜ ਵਿੱਚ ਟਾਟਾ ਗਰੁੱਪ ਨੂੰ ਵੇਚਣ ਨਾਲ ਸਬੰਧਤ ਖਰੀਦ ਕਰਾਰ ਸਹੀਬੰਦ ਕੀਤਾ ਸੀ। ਟਾਟਾ ਗਰੁੱਪ ਨੂੰ ਏਅਰਲਾਈਨ ਦਾ ਮੁਕੰਮਲ ਕਬਜ਼ਾ ਦੇਣ ਮਗਰੋਂ ਕਰਾਰ ਤਹਿਤ ਨਗਦੀ ਦੇ ਲੈਣ ਦੇਣ ਦਾ ਅਮਲ ਸ਼ੁਰੂ ਹੋਵੇਗਾ। ਦੋਵਾਂ ਧਿਰਾਂ ਵਿੱਚ ਹੋਏ ਕਰਾਰ ਮੁਤਾਬਕ ਟਾਟਾ ਗਰੁੱਪ ਸਰਕਾਰ ਨੂੰ 2700 ਕਰੋੜ ਰੁਪਏ ਨਗ਼ਦ ਅਦਾ ਕਰਨ ਤੋਂ ਇਲਾਵਾ ਏਅਰਲਾਈਨ ਸਿਰੇ ਚੜ੍ਹੇ 15,300 ਕਰੋੜ ਰੁਪਏ ਦੀ ਅਦਾਇਗੀ ਵੀ ਕਰੇਗਾ। ਕਰਾਰ ਵਿੱਚ ਏਅਰ ਇੰਡੀਆ ਐਕਸਪ੍ਰੈੱਸ ਤੇ ਗਰਾਊਂਡ ਹੈਂਡਲਿੰਗ ਆਰਮ ਏਆਈਐੱਸਏਟੀਐੱਸ ਦੀ ਵਿਕਰੀ ਵੀ ਸ਼ਾਮਲ ਹੈ। ਚੇਤੇ ਰਹੇ ਕਿ ਕਰਾਰ ਤਹਿਤ ਲੈਣ-ਦੇਣ ਦਸੰਬਰ 2021 ਤੱਕ ਪੂਰਾ ਕੀਤਾ ਜਾਣਾ ਸੀ, ਪਰ ਮਗਰੋਂ ਆਖਰੀ ਤਰੀਕ ਜਨਵਰੀ 2022 ਤੱਕ ਵਧਾ ਦਿੱਤੀ ਗਈ ਸੀ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S&S
Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

### ਮੁੱਖ ਮੰਤਰੀ ਦੇ ਭਾਣਜੇ ਤੋਂ ਫੜੇ 10 ਕਰੋੜ ਦਾ ਮਾਮਲਾ

# ਰੇਤ ਮਾਫੀਆ, ਸਿਆਸੀ ਸਰਪ੍ਰਸਤੀ ਤੇ 'ਸਿਸਟਮ' ਦੀਆਂ ਤਰਜੀਹਾਂ...

ਸੁਖਵਿੰਦਰ ਸਿੰਘ ਚੋਹਲਾ

ਪੰਜਾਬ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਤੇ ਆਗੂਆਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਗਪੌੜ ਵਾਅਦਿਆਂ ਤੇ ਦਾਅਵਿਆਂ ਦੇ ਨਾਲ ਇਕ ਦੂਸਰੇ ਖਿਲਾਫ ਦੂਸ਼ਣਬਾਜ਼ੀ ਤੇ ਲੁੱਟ -ਖੋਹ ਦੇ ਖੁਲਾਸੇ ਇਹ ਜਾਣਨ ਲਈ ਕਾਫੀ ਹਨ ਕਿ ਸਿਆਸਤ ਨੂੰ ਕਾਰੋਬਾਰ ਬਣਾਉਣ ਵਾਲੇ ਲੋਕ ਕੌਣ ਹਨ? ਲੋਕ ਭਲਾਈ ਦੇ ਕਾਰਜਾਂ ਦੇ ਨਾਲ ਸੂਬੇ ਤੇ ਦੇਸ਼ ਨੂੰ ਵਿਕਸਿਤ ਮੁਲਕਾਂ ਦੇ ਬਰਾਬਰ ਖੜਾ ਕਰਨ, ਤਰੱਕੀ ਤੇ ਵਿਕਾਸ ਦੇ ਦਾਅਵਿਆਂ ਦਾ ਠੇਕਾ ਇਹਨਾਂ ਨੇ ਹੀ ਕਿਉਂ ਲੈ ਰੱਖਿਆ ਹੈ?

ਚੋਣਾਂ ਦੌਰਾਨ ਆਪਣੀ ਪਾਰਟੀ ਤੇ ਆਪਣੀ ਜਿੱਤ ਲਈ ਹਰ ਹਰਬਾ ਵਰਤਣ ਵਾਲੇ ਲੋਕ ਜਦੋਂ ਸਿਆਸੀ ਵਿਰੋਧੀਆਂ ਦੇ ਕੱਪੜੇ ਪਾੜਨ ਦਾ ਯਤਨ ਕਰਦੇ ਹਨ ਤਾਂ ਆਪਣਾ ਢਿੱਡ ਨੰਗਾ ਹੋਣ ਦੀ ਵੀ ਪਰਵਾਹ ਨਹੀ ਕਰਦੇ। ਬੀਤੇ ਕੁਝ ਦਿਨਾਂ ਤੋਂ ਪੰਜਾਬ ਚੋਣਾਂ ਦਾ ਮੰਜ਼ਰ ਅਜਿਹਾ ਹੀ ਬਣਿਆ ਦਿਖਾਈ ਦੇ ਰਿਹਾ ਹੈ। ਕਾਂਗਰਸ ਦੇ ਮੁੱਖ ਮੰਤਰੀ ਚੰਨੀ ਦੇ ਭਾਣਜੇ ਦੇ ਘਰ ਐਨਫੋਰਸਮੈਂਟ ਡਾਇਰਕੋਟਰੇਟ ( ਈਡੀ) ਦੇ ਛਾਪੇ ਦੌਰਾਨ ਬਰਾਮਦ ਕੀਤੀ ਗਈ 10 ਕਰੋੜ ਦੀ ਨਗਦੀ ਤੇ ਹੋਰ ਕੀਮਤੀ ਸਮਾਨ ਇਸ ਪੁਸ਼ਟੀ ਲਈ ਕਾਫੀ ਹੈ ਕਿ ਸੱਤਾ ਦੇ ਗਲਿਆਰਿਆਂ ਨੇੜੇ ਵਿਚਰਨ ਵਾਲੇ ਲੋਕ ਜਾਂ ਰਿਸ਼ਤੇਦਾਰ ਵੀ ਕਿੰਨੇ ਮਾਲਾਮਾਲ ਹੋ ਸਕਦੇ ਹਨ। ਮੁੱਖ ਮੰਤਰੀ ਚੰਨੀ ਦਾ ਕਹਿਣਾ ਹੈ ਕਿ ਇਹ ਸਭ ਉਸਦੇ ਸਿਆਸੀ ਵਿਰੋਧੀਆਂ ਵਲੋਂ ਉਸਨੂੰ ਤੇ ਉਸਦੀ ਪਾਰਟੀ ਨੂੰ ਚੋਣਾਂ ਵਿਚ ਹਰਾਉਣ ਲਈ ਰਚੀ ਗਈ ਸਾਜਿਸ਼ ਹੈ। ਇਸ ਸਾਜਿਸ਼ ਵਿਚ ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਵਾਲੇ ਸਭ ਬਰਾਬਰ ਦੇ ਭਾਈਵਾਲ ਹਨ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਅਗਰ ਉਹਨਾਂ ਦਾ ਕੋਈ ਰਿਸ਼ਤੇਦਾਰ ਕਿਸੇ ਦੋ ਨੰਬਰ ਦੇ ਕਾਰੋਬਾਰ ਵਿਚ ਸ਼ਾਮਿਲ ਹੈ ਤਾਂ ਉਸ ਵਿਚ ਉਸਦਾ ਕੀ ਕਸੂਰ? ਅਗਰ ਪੁੱਤਰ ਨਸ਼ਈ ਨਿਕਲ ਆਏ ਤਾਂ ਬਾਪ ਨੂੰ ਸਜ਼ਾ ਕਿਉਂ?

ਕਾਂਗਰਸ ਹਾਈਕਮਾਨ ਨੇ ਆਪਣੇ ਮੁੱਖ ਮੰਤਰੀ ਦੀ ਹਾਮੀ ਭਰਦਿਆਂ ਇਸ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਭਾਰਤੀ ਚੋਣ ਕਮਿਸ਼ਨ ਤੱਕ ਪਹੁੰਚ ਕੀਤੀ ਹੈ ਕਿ ਉਹ ਭਾਜਪਾ ਸਰਕਾਰ ਨੂੰ ਸਰਕਾਰੀ ਏਜੰਸੀਆਂ ਦੀ ਦੁਰਵਰਤੋ ਕਰਨ ਤੋਂ ਰੋਕੇ। ਈ ਡੀ ਦੀ ਕਾਰਵਾਈ ਨੂੰ ਸਾਜਿਸ਼ ਕਰਾਰ ਦੇਣ ਵਾਲੇ ਮੁੱਖ ਮੰਤਰੀ ਤੇ ਕਾਂਗਰਸ ਹਾਈਕਮਾਨ ਤੱਥਾਂ ਨੂੰ ਟਾਲਦਿਆਂ ਇਸ ਜਵਾਬ ਤੋ ਇਨਕਾਰੀ ਹਨ ਕਿ ਛਾਪੇ ਦੌਰਾਨ ਬਰਾਮਦ ਕੀਤੀ ਗਈ ਇਤਨੀ ਵੱਡੀ ਰਕਮ ਆਈ ਕਿਥੋ ?

ਮੰਨਿਆ ਜਾ ਸਕਦਾ ਹੈ ਕਿ ਈਡੀ ਦੀ ਇਹ ਕਾਰਵਾਈ ਚੋਣਾਂ ਦੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਹਿੱਤਾਂ ਤੋ ਪ੍ਰੇਰਿਤ ਹੈ ਪਰ ਮੁੱਖ ਮੰਤਰੀ ਦਾ ਸਪੱਸ਼ਟੀਕਰਣ ਕੇਵਲ ਇਲਜ਼ਾਮਬਾਜ਼ੀ ਦੀ ਬਿਨਾਹ 'ਤੇ ਤਰਕ ਕਰਨਾ ਮੁਸ਼ਕਲ ਹੈ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਨੇ ਚੰਨੀ ਸਰਕਾਰ ਦੀ ਸਰਪ੍ਰਸਤੀ ਹੇਠ ਰੇਤ ਮਾਫੀਆ ਵਲੋਂ ਪੰਜਾਬ ਦੇ ਖਜ਼ਾਨੇ ਨੂੰ 20,000 ਕਰੋੜ ਦਾ ਚੂਨਾ ਲਗਾਏ ਜਾਣ ਦੇ ਦੋਸ਼ ਲਗਾਉਂਦਿਆਂ ਇਸਦੀ ਮੁਕੰਮਲ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪਰ ਇਸ ਮੰਗ ਦੇ ਜਵਾਬ ਵਿਚ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਪੰਜਾਬ ਵਿਚ ਉਸਦੀ ਆਮ ਆਦਮੀ ਵਾਲੀ ਛਵੀ ਨੂੰ ਸੱਟ ਮਾਰਨ ਦੇ ਯਤਨ ਵਜੋ ਇਹ ਊਜ ਲਗਾਈ ਹੈ। ਉਹ ਆਪ ਸੁਪਰੀਮੋ ਖਿਲਾਫ ਮਾਣਹਾਨੀ ਦਾ ਕੇਸ ਕਰਨਗੇ। ਉਧਰ ਅਕਾਲੀ ਦਲ ਤੇ ਆਗੂ ਬਿਕਰਮ ਸਿੰਘ ਮਜੀਠੀਆ ਵਲੋਂ ਰੇਤ ਮਾਫੀਆ ਨਾਲ ਮੁੱਖ ਮੰਤਰੀ ਦੀ ਸਿੱਧੀ ਭਾਈਵਾਲੀ ਦੇ ਸਬੂਤ ਪੇਸ਼ ਕਰਦਿਆਂ ਬਾਕਾਇਦਾ ਪ੍ਰੈਸ ਕਾਨਫਰੰਸ ਦੌਰਾਨ ਇਕ ਅਜਿਹੇ ਵਿਅਕਤੀ ਨੂੰ ਪੇਸ਼ ਕੀਤਾ ਹੈ ਜਿਸਨੇ ਰੇਤ ਮਾਫੀਆ ਚਲਾਉਣ ਵਾਲੇ ਸਰਗਨੇ ਤੇ ਉਸਦੇ ਸਾਥੀਆਂ ਦੇ ਮੁੱਖ ਮੰਤਰੀ ਤੇ ਉਸਦੇ ਰਿਸ਼ਤੇਦਾਰ ਨਾਲ ਨੇੜਲੇ ਸਬੰਧਾਂ ਨੂੰ ਉਜਾਗਰ ਕਰਦੀਆਂ ਆਡੀਓ ਤੇ ਵੀਡੀਓ ਮੀਡੀਆ ਸਾਹਮਣੇ ਪ੍ਰਸਤੁਤ ਕੀਤੀਆਂ ਹਨ। ਦਰਸ਼ਨ ਸਿੰਘ ਨਾਮ ਦੇ ਇਸ ਵਿਅਕਤੀ ਨੇ ਭਵਿੱਖ ਵਿਚ ਹੋਰ ਸਬੂਤ ਪੇਸ਼ ਕਰਨ ਦਾ ਇਕਰਾਰ ਕਰਦਿਆਂ ਜਾਨੀ ਨੁਕਸਾਨ ਦੀ ਸੂਰਤ ਵਿਚ ਮੁੱਖ ਮੰਤਰੀ ਤੇ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮੀਡੀਆ ਤੋ ਸੁਰੱਖਿਆ ਦੀ ਜ਼ਾਮਨੀ ਮੰਗੀ ਹੈ। ਇਹ ਸਬੂਤ ਪੜਤਾਲ ਦੀ ਮੰਗ ਕਰਦੇ ਹਨ ਕਿ ਮੁੱਖ ਮੰਤਰੀ ਦੇ ਆਪਣੇ ਹਲਕੇ ਚਮਕੌਰ ਸਾਹਿਬ ਵਿਚ ਗੈਰ -ਕਨੂੰਨੀ ਰੇਤ ਮਾਈਨਿੰਗ ਵਿਚ ਲੱਗੇ ਲੋਕ ਕੌਣ ਹਨ?



ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਦੇ ਰੇਤ ਮਾਈਨਿੰਗ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਦੀ ਪੁਸ਼ਟੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੀਤੀ ਹੈ। ਤਤਕਾਲੀ ਮੁੱਖ ਮੰਤਰੀ ਵਜੋ ਉਹਨਾਂ ਨੇ ਰੇਤ ਮਾਫੀਆ ਨਾਲ ਜੁੜੇ ਲੋਕਾਂ ਦੀ ਰਿਪੋਰਟ ਕਾਂਗਰਸ ਪ੍ਰਧਾਨ ਦੇ ਧਿਆਨ ਵਿਚ ਲਿਆਂਦੀ ਸੀ ਪਰ ਕਾਂਗਰਸ ਹਾਈਕਮਾਨ ਦੀ ਚੁੱਪੀ ਕਾਰਣ ਉਹ ਕਾਰਵਾਈ ਕਰਨ ਤੋ ਅਸਮਰਥ ਰਹੇ। ਸਾਬਕਾ ਮੁੱਖ ਮੰਤਰੀ ਅਹੁਦੇ ਤੋ ਹਟਾਏ ਜਾਣ ਕਾਰਣ ਕਾਂਗਰਸ ਹਾਈਕਮਾਨ 'ਤੇ ਖਫਾ ਹੋ ਸਕਦੇ ਹਨ ਪਰ ਸ਼ਾਇਦ ਇਸ ਸੱਚਾਈ 'ਤੇ ਪਰਦਾ ਪਾਉਣਾ ਮੁਸ਼ਕਲ ਹੈ ਕਿ ਕੁਦਰਤੀ ਸਰੋਤਾਂ ਨੂੰ ਲੁੱਟਣ ਵਾਲੇ ਮਾਫੀਏ ਦੀ ਰਸਾਈ ਮੁੱਖ ਮੰਤਰੀ ਹਾਊਸ ਤੱਕ ਕਿਸੇ ਨਾ ਕਿਸੇ ਸੂਰਤ ਵਿਚ ਬਣੀ ਹੀ ਰਹੀ ਹੈ। ਉਹਨਾਂ ਦੇ ਸ਼ਾਸਨ ਕਾਲ ਦੌਰਾਨ ਇਕ ਕੈਬਨਿਟ ਮੰਤਰੀ ਦੀ ਵਜ਼ਾਰਤ ਤੋ ਇਸ ਲਈ ਛੁੱਟੀ ਕਰ ਦਿੱਤੀ ਗਈ ਸੀ ਕਿ ਉਸਨੇ ਰੇਤੇ ਦੀਆਂ ਖੱਡਾਂ ਦੇ ਠੇਕੇ ਆਪਣੇ ਇਕ ਖਾਨਸ਼ਾਮੇ ਦੇ ਨਾਮ ਲੈ ਲਏ ਸਨ। ਕਈ ਕਾਂਗਰਸੀ ਵਿਧਾਇਕਾਂ ਦੇ ਨਾਮ ਵੀ ਇਸ ਸੂਚੀ ਵਿਚ ਬੋਲਦੇ ਰਹੇ ਹਨ। ਇਸਤੋ ਪਹਿਲਾਂ ਬਾਦਲ ਸਰਕਾਰ ਵੇਲੇ ਵੀ ਦੁਆਬੇ ਦੇ ਇਕ ਵਿਧਾਇਕ ਦੇ ਭਰਾ ਤੇ ਭਤੀਜੇ ਵਲੋ ਰੋਪੜ ਜਿਲੇ ਵਿਚ ਰੇਤਾ ਤੇ ਬੱਜਰੀ ਦੇ ਕਾਰੋਬਾਰ ਉਪਰ ਏਕਾਧਿਕਾਰ ਸਥਾਪਿਤ ਕਰਨ ਦੇ ਚਰਚੇ ਸਨ ਤੇ ਉਹਨਾਂ ਦੀ ਮੁੱਖ ਮੰਤਰੀ ਹਾਊਸ ਤੱਕ ਸਿੱਧੀ ਪਹੁੰਚ ਵੀ ਲੁਕੀ ਛੁਪੀ ਨਹੀ ਸੀ। ਮੁੱਖ ਮੰਤਰੀ ਹਾਊਸ ਦੀ ਕਿਰਪਾ ਹੀ ਸੀ ਕਿ ਰੋਪੜ ਜ਼ਿਲੇ ਦੇ ਕਿਸੇ ਵਿਧਾਇਕ ਜਾਂ ਮੰਤਰੀ ਦੀ ਉਹਨਾਂ ਦੇ ਕਾਰੋਬਾਰ ਵਿਚ ਦਖਲ ਦੇਣ ਦੀ ਕੋਈ ਜੁਅਰਤ ਨਹੀ ਸੀ।

ਰੇਤ ਮਾਫੀਏ ਦਾ ਕਾਲਾ ਕਾਰੋਬਾਰ ਤੇ ਇਤਿਹਾਸ ਇਹ ਦੱਸਣ ਲਈ ਕਾਫੀ ਹੈ ਕਿ ਇਸ ਧੰਦੇ ਵਿਚ ਸਿਆਸਤਦਾਨਾਂ, ਠੇਕੇਦਾਰਾਂ, ਟਰੇਡ ਯੂਨੀਅਨ ਲੀਡਰਾਂ, ਸਥਾਨਕ ਪੰਚਾਇਤਾਂ, ਮਾਲ ਤੇ ਪੁਲਿਸ ਅਧਿਕਾਰੀਆਂ ਦੀ ਭਿਆਲੀ ਕੋਈ ਗੁੱਝੀ ਨਹੀ। ਮਾਫੀਏ ਦੇ ਰਾਹ ਵਿਚ ਅੜਿੱਕਾ ਪਾਉਣ ਵਾਲੇ ਕਈ ਇਮਾਨਦਾਰ ਅਧਿਕਾਰੀ ਤੇ ਪੱਤਰਕਾਰ ਆਪਣੀ ਜਾਨ ਗਵਾ ਚੁੱਕੇ ਹਨ। ਰਾਜ ਸਭਾ ਵਿਚ ਪੇਸ਼ ਇਕ ਰਿਪੋਰਟ ਮੁਤਾਬਿਕ ਭਾਰਤ ਵਿਚ ਗੈਰ -ਕਨੂੰਨੀ ਮਾਈਨਿੰਗ ਖਿਲਾਫ ਪਿਛਲੇ ਚਾਰ ਸਾਲਾਂ ਦੌਰਾਨ ਸਾਢੇ 4 ਲੱਖ ਤੋ ਉਪਰ ਕੇਸ ਦਰਜ ਹੋ ਚੁੱਕੇ ਹਨ ਪਰ ਸਿਆਸੀ ਸਰਪ੍ਰਸਤੀ ਕਾਰਣ ਕਿਸੇ ਮੁਲਜ਼ਮ ਨੂੰ ਕੋਈ ਸਜ਼ਾ ਨਹੀ ਹੋਈ ਤੇ ਨਾਹੀ ਧੰਦੇ ਨੂੰ ਕੋਈ ਫਰਕ ਪਿਆ ਹੈ। ਕਿਸੇ ਪਾਰਟੀ ਦੇ ਇਕ ਮੁੱਖ ਮੰਤਰੀ ਖਿਲਾਫ ਮਾਫੀਏ ਨਾਲ ਮਿਲੀਭੁਗਤ ਦੇ ਦੋਸ਼ ਲੱਗਣ ਉਪਰੰਤ ਪਾਰਟੀ ਹਾਈਕਮਾਨ ਵਲੋਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਦੀ ਬਿਜਾਏ ਮੁੱਦੇ ਨੂੰ ਸਿਆਸੀ ਬਦਲਾਖੋਰੀ ਵਿਚ ਤਬਦੀਲ ਕਰਨ ਦੀ ਮਨਸ਼ਾ ਨੂੰ ਸਮਝਣਾ ਬਣਦਾ ਹੈ। ਕਿਸੇ ਵੀ ਹਾਈਕਮਾਨ ਦੀ ਮਜ਼ਬੂਤੀ ਤੇ ਅਨੁਸ਼ਾਸਨ ਪਿੱਛੇ ਵੀ ਇਹੀ ਕਾਰੋਬਾਰੀ ਸਾਂਝ ਤੇ ਹਿੱਤ ਹੀ 'ਸਿਸਟਮ' ਦੀ ਤਰਜੀਹ ਹਨ।

ਚੋਣਾਂ ਹਨ। ਸਿਆਸਤ ਤੇ ਵੋਟ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਚਰਚਾ ਹੈ। ਸ਼ਾਇਦ ਚਰਚਾ ਨੂੰ ਜਾਰੀ ਰੱਖਣਾ ਹੀ 'ਸਿਸਟਮ' ਦੀ ਮਜ਼ਬੂਤੀ ਹੈ। ਤੇ ਚੋਣਾਂ ਦੌਰਾਨ ਕਿਸੇ ਪਾਰਟੀ ਜਾਂ ਆਗੂ ਖਿਲਾਫ 'ਦੂਸ਼ਣਬਾਜ਼ੀ' ( ਸਬੂਤਾਂ ਸਮੇਤ) ਨੂੰ ਸਿਆਸੀ ਬਦਲਾਖੋਰੀ ਦਾ ਨਾਮ ਦੇਣਾ ਵੀ ਕੋਈ ਨਵੀਂ ਖੇਡ ਨਹੀ। ਮੁੱਖ ਮੰਤਰੀ ਚੰਨੀ ਦੇ ਭਾਣਜੇ ਕੋਲੋਂ 'ਕੇਵਲ 10 ਕਰੋੜ' ਬਰਾਮਦ ਹੋਏ ਹਨ। ਯੂ ਪੀ ਵਿਚ ਤਾਂ ਸਮਾਜਵਾਦੀ ਪਾਰਟੀ ਦੇ ਕਾਰਕੁੰਨ ਦੇ ਘਰੋ 250 ਕਰੋੜ ਲੱਭੇ ਸਨ। ਉਸਦਾ ਕੀ ਬਣਿਆ...?

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ਰੈਂਸ
• ਬਿਜ਼ਨੈਸ • ਟਰੈਵਲ




YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

### ਪੰਜਾਬੀ ਗੀਤਕਾਰੀ ਦਾ ਡਿੱਗਿਆ ਥੰਮ੍ਹ

# ਦੇਵ ਥਰੀਕੇ ਵਾਲਾ ਦਾ ਦਿਹਾਂਤ

ਲੁਧਿਆਣਾ (ਬਰਾੜ-ਭਗਤਾ ਭਾਈ ਕਾ)-ਪੰਜਾਬੀ ਗੀਤਕਾਰੀ 'ਚ ਸੰਸਾਰ ਪ੍ਰਸਿੱਧ ਸ਼ਖ਼ਸੀਅਤ ਗੀਤਕਾਰ ਹਰਦੇਵ ਦਿਲਗੀਰ ਉਰਫ਼ ਦੇਵ ਥਰੀਕੇ ਵਾਲਾ ਆਪਣੀ 82 ਸਾਲ 4 ਮਹੀਨੇ 6 ਦਿਨ ਦੀ ਜੀਵਨ ਯਾਤਰਾ ਪੂਰੀ ਕਰਕੇ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਪਿਛਲੇ ਦੋ ਕੁ ਸਾਲ ਤੋਂ ਲਿਵਰ ਦੀ ਬਿਮਾਰੀ ਕਾਰਨ ਪੀੜਤ ਸਨ ਅਤੇ ਉਮਰ ਦੇ ਆਖ਼ਰੀ ਦੋ ਦਿਨਾਂ 'ਚ ਉਨ੍ਹਾਂ ਨੂੰ ਕਾਲ਼ੇ ਪੀਲੀਏ ਦੀ ਬਿਮਾਰੀ ਨੇ ਆ ਜਕੜਿਆ ਜਿਸ ਕਰਨ ਉਨ੍ਹਾਂ ਨੇ ਲੁਧਿਆਣਾ ਦੇ ਦੀਪ ਹਸਪਤਾਲ ਵਿੱਚ 25 ਜਨਵਰੀ ਨੂੰ ਤੜਕਸਾਰ ਸੁਬ੍ਹਾ ਦੇ 2|30 ਵਜੇ ਆਖ਼ਰੀ ਸਾਹ ਲਿਆ। ਉਨ੍ਹਾਂ ਦਾ ਪਿਤਾ ਪੁਰਖੀ ਪਿੰਡ ਰਹੀੜਾ (ਕੁੱਪ ਰਹੀੜਾ) ਹੈ ਅਤੇ ਉਨ੍ਹਾਂ ਦਾ ਜਨਮ 19 ਸਤੰਬਰ 1939 ਨੂੰ ਲੁਧਿਆਣਾ ਦੀ ਛਿਪਦੀ ਵੱਖੀ 'ਚ ਵਸੇ ਛੋਟੇ ਜਿਹੇ ਪਿੰਡ ਥਰੀਕੇ ਵਿੱਚ ਹੋਇਆ ਜਿਸ ਪਿੰਡ ਦਾ ਨਾਂ ਅੱਜ ਦੁਨੀਆਂ 'ਚ ਬਹੁਤ ਵੱਡਾ ਨਾਂ ਬਣ ਚੁੱਕਾ ਹੈ। ਸਕੂਲ ਪੜ੍ਹਦੇ ਸਮੇਂ ਉਨ੍ਹਾਂ ਨੇ ਪਹਿਲਾਂ ਬਾਲ ਕਹਾਣੀਆਂ ਲਿਖੀਆਂ ਅਤੇ ਬਾਅਦ ਵਿੱਚ ਗੀਤ ਲਿਖਣ ਵੱਲ ਮੁਹਾਰ ਮੋੜ ਲਈ। 1959 ਵਿੱਚ ਉਨ੍ਹਾਂ ਦਾ ਵਿਆਹ ਸਹੌਲੀ (ਲੁਧਿਆਣਾ) ਪਿੰਡ ਦੀ ਜੰਮਪਲ ਬੀਬੀ ਪ੍ਰੀਤਮ ਕੌਰ ਨਾਲ ਹੋਇਆ ਅਤੇ 1960 'ਚ ਉਨ੍ਹਾਂ ਨੇ ਜੇ ਬੀ ਟੀ ਕਰਨ ਉਪਰੰਤ ਇੱਕ ਅਧਿਆਪਕ ਵਜੋਂ ਕਿੱਤਾ ਸੰਭਾਲ਼ ਲਿਆ। 1960 'ਚ ਹੀ ਪ੍ਰੇਮ ਕੁਮਾਰ ਸ਼ਰਮਾ ਦੀ ਆਵਾਜ਼ ਵਿੱਚ ਉਨ੍ਹਾਂ ਦਾ ਪਹਿਲਾ ਗੀਤ 'ਭਾਬੀ ਤੇਰੀ ਧੌਣ ਦੇ ਉੱਤੇ, ਗੁੱਤ ਮੇਲਦੀ ਨਾਗ ਬਣ ਕਾਲਾ ਰਿਕਾਰਡ ਹੋਇਆ। ਉਸ ਪਿੱਛੋਂ ਦੋਗਾਣਿਆਂ ਦੀ ਦੁਨੀਆ 'ਚ ਉਨਾਂ ਦੁਆਰਾ ਲਿਖੇ ਗੀਤਾਂ ਨੂੰ ਹਰ ਇੱਕ ਕਲਾਕਾਰ ਨੇ ਗਾਇਆ। 1972 ਵਿੱਚ ਉਨ੍ਹਾਂ ਦਾ ਸੰਪਰਕ ਕੁਲਦੀਪ ਮਾਣਕ ਨਾਲ ਹੋਇਆ ਅਤੇ ਮਾਣਕ ਨੇ ਉਨ੍ਹਾਂ ਦੇ ਲਿਖੇ 'ਜੈਮਲ ਫੱਤਾ, ਦੁੱਲਾ ਭੱਟੀ, ਹੀਰ ਦੀ ਕਲੀ ਅਤੇ ਰਾਜਾ ਰਸਾਲੂ ਚਾਰ ਗੀਤਾਂ ਦਾ ਸੈਟ ਈ ਪੀ ਰਿਕਾਰਡ ਕਰਵਾਇਆ ਜਿਸ ਦੇ ਮਾਰਕੀਟ ' ਆਉਣ ਨਾਲ ਦੇਵ ਅਤੇ ਮਾਣਕ ਦੀ ਜੋੜੀ ਦੀ ਬੱਲੇ ਬੱਲੇ ਹੋ ਉੱਠੀ। ਇਸ ਪਿੱਛੋਂ ਅਨੇਕਾਂ ਲੋਕ ਗਾਥਾਵਾਂ ਲਿਖ ਕੇ ਮਾਣਕ ਦੀ ਆਵਾਜ਼ ਵਿੱਚ ਰਿਕਾਰਡ ਕਰਵਾਈਆਂ। ਇੱਕ ਹਜ਼ਾਰ ਰਿਕਾਰਡ ਹੋਏ ਉਸ ਦੇ ਗੀਤਾਂ 'ਚ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਐ ਹੀਰ ਦੀ, ਕਿੱਕਰ 'ਤੇ ਕਾਟੋ ਰਹਿੰਦੀ, ਸੂਰਜ ਲੱਗਦਾ ਮੱਥੇ, ਕਾਹਨੂੰ ਮਾਰਦੈਂ ਚੰਦਰਿਆ ਛਮਕਾਂ, ਛੜੇ ਕਰਦੇ ਮਸ਼ਕਰੀ ਪੂਰੀ, ਰੰਨਾਂ ਵਾਲੇ ਘੱਟ ਬੋਲਦੇ, ਸਹਿਬਾਂ ਬਣੀ ਭਰਾਵਾਂ ਦੀ, ਅੱਜ ਵੀ ਲੋਕਾਂ 'ਚ ਮਕਬੂਲ ਹਨ। ਦੇਵ ਦਾ ਲਿਖਿਆ ਗੀਤ 'ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ, ਤੇਰਾ ਕਿਹੜਾ ਮੁੱਲ ਲੱਗਦਾ, ਕਰਮਜੀਤ ਧੂਰੀ, ਸੁਰਿੰਦਰ ਕੌਰ ਅਤੇ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਅਤੇ ਇੱਕ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕੇ ਇਹੀ ਗੀਤ ਕੁਲਦੀਪ ਮਾਣਕ ਅਤੇ ਸੁਰਿੰਦਰ ਕੌਰ ਨੇ ਇਕੱਠਿਆਂ ਵੀ ਗਾਇਆ ਹੈ। 3 ਸਾਲ ਪਹਿਲਾਂ ਉਨ੍ਹਾਂ ਦੀ ਜੀਵਨ ਸਾਥਣ ਉਨ੍ਹਾਂ ਦਾ ਸਾਥ ਛੱਡ ਗਈ ਜਿਸ ਕਾਰਨ ਦੇਵ ਦਾ ਬੁਢਾਪਾ ਤੇਜ਼ੀ ਨਾਲ ਵਧਣ ਲੱਗਾ। 7 ਸਾਲਾਂ 'ਚ ਘਰ 'ਚ ਪਤਨੀ, ਨੂੰਹ ਅਤੇ ਪੁੱਤਰ ਦੀ ਮੌਤ ਨੇ ਉਸ ਨੂੰ ਬਹੁਤ ਬੁਰੀ ਤਰਾਂ ਝੰਜੋੜ ਸੁੱਟਿਆ। ਦੇਵ ਥਰੀਕੇ ਵਾਲੇ ਦਾ ਦੁਨੀਆ ਤੋਂ ਚਲੇ ਜਾਣਾ ਪੰਜਾਬੀ ਗੀਤਕਾਰੀ ਦਾ ਇੱਕ ਤਰਾਂ ਦਾ ਪਹਾੜ ਹੀ ਡਿੱਗ ਗਿਆ। ਉਨ੍ਹਾਂ ਦੀ ਕਲਮ ਅਤੇ ਕੁਲਦੀਪ ਮਾਣਕ ਦੀ ਆਵਾਜ਼ ਰਹਿੰਦੀ ਦੁਨੀਆਂ ਤੱਕ ਹੀ ਜੀਵਤ ਰਹੇਗੀ।



ਦੇਵ ਦੇਵ ਹੈ ਕਹਿੰਦਾ ਜੀਹਨੂੰ, ਕੀ ਨਿਆਣਾ ਕੀ ਸਿਆਣਾ।
ਪਿੰਡ ਥਰੀਕੇ ਸੁਣੀਦਾ ਉਹਦਾ, ਜ਼ਿਲ੍ਹਾ ਲੱਗੇ ਲੁਧਿਆਣਾ।

# ਸਿਆਸੀ ਹਾਥੀਆਂ ਦੇ ਭੇੜ 'ਚੋਂ ਆਮ ਆਦਮੀ ਪਾਰਟੀ ਜਿੱਤ ਪ੍ਰਾਪਤ ਕਰੇਗੀ-ਕੇਜਰੀਵਾਲ

ਅੰਮ੍ਰਿਤਸਰ-ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਖਿਆ ਕਿ ਪਿਛਲੀਆਂ ਚੋਣਾਂ ਦੌਰਾਨ ਲੋਕਾਂ ਨਾਲ ਕਈ ਵਾਅਦੇ ਕਰਨ ਵਾਲੀ ਕਾਂਗਰਸ ਸਰਕਾਰ ਹੁਣ ਤੱਕ ਵਾਅਦੇ ਪੂਰੇ ਨਹੀਂ ਕਰ ਸਕੀ, ਇਸ ਵਾਰ ਉਹ ਕਿਸ ਮੂੰਹ ਨਾਲ ਲੋਕਾਂ ਕੋਲੋਂ ਵੋਟਾਂ ਮੰਗੇਗੀ। ਸ੍ਰੀ ਕੇਜਰੀਵਾਲ ਤਿੰਨ ਦਿਨ ਪੰਜਾਬ ਦੌਰੇ 'ਤੇ ਰਹਿਣਗੇ। ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਵਿਚੋਂ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਚੋਣ ਲੜ ਰਹੇ ਹਨ, ਬਾਰੇ ਸ੍ਰੀ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਇਥੇ ਸਿਆਸੀ ਹਾਥੀਆਂ ਦੇ ਭੇੜ ਵਿਚ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਜਿੱਤ ਪ੍ਰਾਪਤ ਕਰੇਗੀ। ਇਸ ਹਲਕੇ ਤੋਂ 'ਆਪ' ਵਲੋਂ ਜ਼ਿਲ੍ਹਾ ਪ੍ਰਧਾਨ ਜੀਵਨਜੋਤ ਕੌਰ ਮੈਦਾਨ ਵਿਚ ਹੈ। ਰਾਹੁਲ ਗਾਂਧੀ ਦੇ ਦੌਰੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪਿਛਲੀਆਂ ਚੋਣਾਂ ਵੇਲੇ ਵੀ ਪੰਜਾਬ ਵਿਚ ਆਏ ਸਨ ਤੇ ਲੋਕਾਂ ਨਾਲ ਵਾਅਦੇ ਕੀਤੇ ਸਨ, ਜੋ ਪੂਰੇ ਨਹੀਂ ਹੋਏ। ਹੁਣ ਉਹ ਕਿਸ ਹੱਕ ਨਾਲ ਲੋਕਾਂ ਨੂੰ ਕਾਂਗਰਸ ਨੂੰ ਵੋਟਾਂ ਪਾਉਣ ਲਈ ਕਹਿਣਗੇ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਇਹ ਪ੍ਰਚਾਰ ਮੁਹਿੰਮ ਦੇਰ ਨਾਲ ਵਿੱਢੀ ਹੈ ਜਦੋਂਕਿ ਚੁਣਾਵੀ ਮਾਹੌਲ ਪਹਿਲਾਂ ਹੀ ਸਿਖਰ 'ਤੇ ਪੁੱਜ ਚੁੱਕਾ ਹੈ। ਉਨ੍ਹਾਂ ਕਿਹਾ ਕਿ 2017 ਵਿਚ ਕਾਂਗਰਸ ਨੇ ਬੇਅਦਬੀ ਘਟਨਾਵਾਂ ਦਾ ਨਿਆਂ ਦੇਣ, ਨਸ਼ੇ ਖਤਮ ਕਰਨ, ਨੌਜਵਾਨਾਂ ਨੂੰ ਮੋਬਾਈਲ ਫੋਨ ਦੇਣ, ਬੁਢਾਪਾ ਪੈਨਸ਼ਨ ਵਿਚ ਵਾਧਾ ਕਰਨ ਸਮੇਤ ਕਈ ਅਜਿਹੇ ਵਾਅਦੇ ਕੀਤੇ ਸਨ, ਜੋ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਪੂਰੇ ਨਹੀਂ ਹੋਏ। ਨਵਜੋਤ ਸਿੰਘ ਸਿੱਧੂ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ ਕਿ ਉਸ ਦੇ ਹਲਕੇ ਵਿਚ ਲੋਕ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ




ਅਤੇ ਉਹ ਲੋਕਾਂ ਨੂੰ ਖੁਦ ਵੀ ਨਹੀਂ ਮਿਲਦਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਇਸ ਵੇਲੇ ਨਸ਼ਿਆਂ ਦੇ ਕਾਰੋਬਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਗ੍ਰਿਫਤਾਰੀ ਤੋਂ ਬਚਣ ਲਈ ਯਤਨ ਕਰ ਰਿਹਾ ਹੈ।

# ਕੈਨੇਡਾ ਨੇ ਯੂਕਰੇਨ ਨੂੰ ਕੀਤੀ ਗੈਰ-ਘਾਤਕ ਸਾਜ਼ੋ ਸਮਾਨ ਤੇ 400 ਸੈਨਿਕਾਂ ਦੀ ਪੇਸ਼ਕਸ਼

ਸਫ਼ਾ 1 ਦੀ ਬਾਕੀ

ਗੱਡੀਆਂ ਤਾਇਨਾਤ ਕੀਤੀਆਂ ਗਈਆਂ ਹਨ। ਰੂਸ ਦੇ ਹੋਰ ਹਮਲੇ ਦਾ ਸਾਹਮਣਾ ਕਰਨ ਦੇ ਖਤਰੇ ਕਾਰਨ ਸਾਨੂੰ ਆਪਣੀ ਜ਼ਮੀਨ ਦੀ ਰਾਖੀ ਕਰਨ ਦੀ ਲੋੜ ਹੈ। ਬਰਤਾਨੀਆ ਤੇ ਅਮਰੀਕਾ ਨੇ ਪਹਿਲਾਂ ਹੀ ਸੈਨਿਕ ਸਾਜੋ ਸਾਮਾਨ ਭੇਜ ਦਿੱਤਾ ਹੈ ਅਤੇ ਜੇਕਰ ਕੈਨੇਡਾ ਵੀ ਇਸੇ ਤਰ੍ਹਾਂ ਕਰੇ ਤਾਂ ਅਸੀਂ ਸ਼ਲਾਘਾ ਕਰਾਂਗੇ। ਟਰੂਡੋ ਨੇ ਕਿਹਾ ਉਹ ਯੂਕਰੇਨ ਨੂੰ ਕੈਨੇਡਾ ਦੀ ਸਹਾਇਤਾ ਦਿਖਾਉਣੀ ਚਾਹੁੰਦੇ ਹਨ ਪਰ ਇਸ ਦਾ ਹੱਲ ਕੂਟਨੀਤਕ ਹੋਣਾ ਚਾਹੀਦਾ ਹੈ ਪਰ ਭਵਿੱਖ ਵਿਚ ਉਨ੍ਹਾਂ ਹਥਿਆਰ ਭੇਜਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਰੂਸ ਪਿਛਲੇ ਮਹੀਨਿਆਂ ਤੋਂ ਯੂਕਰੇਨ ਦੀ ਸਰਹੱਦ ਦੁਆਲੇ ਆਪਣੇ ਸੈਨਿਕ ਜਮ੍ਹਾਂ ਕਰ ਰਿਹਾ ਹੈ। ਰੂਸ ਤੇ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਵਿਚਕਾਰ ਅਸਫਲ ਕੂਟਨੀਤਕ ਗੱਲਬਾਤ ਵਿਚ ਰੂਸ ਨੇ ਮੰਗ ਕੀਤੀ ਕਿ ਯੂਕਰੇਨ 'ਤੇ ਨਾਟੋ ਵਿਚ ਸ਼ਾਮਿਲ ਹੋਣ 'ਤੇ ਸਥਾਈ ਰੂਪ ਵਿਚ ਪਾਬੰਦੀ ਲਗਾਈ ਜਾਵੇ ਅਤੇ ਰੂਸ ਦੇ ਗੁਆਂਢੀ ਦੇਸ਼ਾਂ ਵਿਚ ਬੈਠੀਆਂ ਨਾਟੋ ਫੋਰਸਾਂ ਨੂੰ ਬਾਹਰ ਕੱਢਿਆ ਜਾਵੇ। ਇਨ੍ਹਾਂ ਮੰਗਾਂ ਨੂੰ ਰੱਦ ਕਰ ਦਿੱਤਾ ਗਿਆ ਹੈ।






# ਈਡੀ ਮੁੱਖ ਮੰਤਰੀ ਚੰਨੀ ਦੇ ਭਤੀਜੇ ਨੂੰ ਭੇਜੇਗੀ ਸੰਮਨ

ਨਵੀਂ ਦਿੱਲੀ-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਨੂੰ ਦੂਜਾ ਸੰਮਨ ਭੇਜ ਸਕਦੀ ਹੈ ਕਿਉਂਕਿ ਪਹਿਲੀ ਵਾਰ ਤਲਬ ਕਰਨ ਉਤੇ ਉਹ ਸਿਹਤ ਕਾਰਨਾਂ ਦਾ ਹਵਾਲਾ ਦੇ ਕੇ ਪੇਸ਼ ਨਹੀਂ ਹੋਇਆ। ਹਨੀ ਨੂੰ ਇਸ ਤੋਂ ਪਹਿਲਾਂ ਈਡੀ ਨੇ ਮਨੀ ਲਾਂਡਰਿੰਗ ਕੇਸ ਵਿਚ 23 ਜਨਵਰੀ ਨੂੰ ਤਲਬ ਕੀਤਾ ਸੀ। ਇਹ ਕੇਸ ਪੰਜਾਬ ਵਿਚ ਗ਼ੈਰਕਾਨੂੰਨੀ ਖ਼ਣਨ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਜ਼ਿਕਰਯੋਗ ਹੈ ਕਿ 18 ਜਨਵਰੀ ਨੂੰ ਈਡੀ ਨੇ ਦਸ ਵੱਖ-ਵੱਖ ਥਾਵਾਂ ਉਤੇ ਛਾਪੇ ਮਾਰੇ ਸਨ। ਹਨੀ ਦੀ ਰਿਹਾਇਸ਼ ਹੋਮਲੈਂਡਜ਼ ਹਾਈਟਸ ਉਤੇ ਵੀ ਛਾਪੇ ਮਾਰੇ ਗਏ ਸਨ। ਇਹ ਛਾਪੇ ਦੋ ਦਿਨ ਤੱਕ ਜਾਰੀ ਰਹੇ ਸਨ ਤੇ ਏਜੰਸੀ ਨੇ ਕੁਝ ਦਸਤਾਵੇਜ਼ ਜ਼ਬਤ ਕੀਤੇ ਸਨ। ਸੂਚਨਾ ਮੁਤਾਬਕ ਹਨੀ ਨੇ ਈਡੀ ਨੂੰ ਦੱਸਿਆ ਸੀ ਕਿ ਉਹ ਕੋਵਿਡ ਪਾਜ਼ੇਟਿਵ ਹੈ ਤੇ ਜਾਂਚ ਵਿਚ ਸ਼ਾਮਲ ਨਹੀਂ ਹੋ ਸਕਦਾ। ਸੋਮਵਾਰ ਈਡੀ ਦੇ ਅਧਿਕਾਰੀਆਂ ਨੇ ਹਨੀ ਦੇ ਕਾਰੋਬਾਰੀ ਭਾਈਵਾਲ ਕੁਦਰਤ ਦੀਪ ਸਿੰਘ ਦੇ ਬਿਆਨ ਵੀ ਦਰਜ ਕੀਤੇ ਸਨ। ਈਡੀ ਦੇ ਇਕ ਅਧਿਕਾਰੀ ਨੇ ਕਿਹਾ ਕਿ ਜਿਹੜੇ ਦਸਤਾਵੇਜ਼ ਜ਼ਬਤ ਕੀਤੇ ਗਏ ਹਨ, ਉਹ ਗੈਰਕਾਨੂੰਨੀ ਖ਼ਣਨ, ਜਾਇਦਾਦ ਨਾਲ ਜੁੜੇ ਹੋਏ ਹਨ। 21 ਲੱਖ ਤੋਂ ਵੱਧ ਦਾ ਸੋਨਾ ਤੇ 12 ਲੱਖ ਦੀ ਘੜੀ ਉਤੇ 10 ਕਰੋੜ ਨਗਦ ਵੀ ਬਰਾਮਦ ਕੀਤੇ ਗਏ ਹਨ। ਸੂਤਰਾਂ ਨੇ ਦੱਸਿਆ ਕਿ ਏਜੰਸੀ ਵੱਲੋਂ ਜ਼ਬਤ ਕੀਤੇ ਗਏ ਦਸਤਾਵੇਜ਼ ਪੁਸ਼ਟੀ ਕਰਦੇ ਹਨ ਕਿ ਕੁਦਰਤ ਦੀਪ ਸਿੰਘ ਦੋ ਕੰਪਨੀਆਂ ਚਲਾ ਰਿਹਾ ਸੀ ਤੇ ਭੁਪਿੰਦਰ ਸਿੰਘ ਹਨੀ ਇਨ੍ਹਾਂ ਵਿਚ ਜੁਆਇੰਟ ਡਾਇਰੈਕਟਰ ਸੀ। ਸੂਤਰਾਂ ਮੁਤਾਬਕ ਇਹ ਕੰਪਨੀਆਂ ਫ਼ਰਜ਼ੀ ਹਨ ਪਰ ਏਜੰਸੀ ਨੂੰ ਪੈਸਿਆਂ ਦਾ ਵੱਡਾ ਲੈਣ-ਦੇਣ ਮਿਲਿਆ ਹੈ। ਇਕ ਫਰਮ 'ਪ੍ਰੋਵਾਈਡਰ ਓਵਰਸੀਜ਼ ਕੰਸਲਟੈਂਸੀ ਲਿਮਟਿਡ' ਹੈ। ਇਹ 2018 ਵਿਚ ਬਣਾਈ ਗਈ ਸੀ ਤੇ 33.33 ਪ੍ਰਤੀਸ਼ਤ ਦੇ ਬਰਾਬਰ ਸ਼ੇਅਰ ਹਨ। ਈਡੀ ਆਉਣ ਵਾਲੇ ਦਿਨਾਂ ਵਿਚ ਭੁਪਿੰਦਰ ਸਿੰਘ ਹਨੀ ਨੂੰ ਦੂਜਾ ਨੋਟਿਸ ਭੇਜੇਗੀ।

# ਡਾ: ਲਖਵਿੰਦਰ ਸਿੰਘ ਜੌਹਲ ਸਰਬਸੰਮਤੀ ਨਾਲ ਪੰਜਾਬੀ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਬਣੇ



ਲੁਧਿਆਣਾ-ਪੰਜਾਬੀ ਸਾਹਿਤ ਅਕਾਦਮੀ ਦੀਆਂ ਦੋ-ਸਾਲਾ (2022-2024) ਚੋਣਾਂ ਭਾਵੇਂ 30 ਜਨਵਰੀ ਨੂੰ ਹੋਣੀਆਂ ਹਨ ਪਰ ਡਾ. ਲਖਵਿੰਦਰ ਸਿੰਘ ਜੌਹਲ ਬਿਨਾਂ ਮੁਕਾਬਲਾ ਸਰਬਸੰਮਤੀ ਨਾਲ ਅਕਾਦਮੀ ਦੇ ਪ੍ਰਧਾਨ ਬਣ ਗਏ ਹਨ। ਹੁਣ ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਲਈ ਸਖ਼ਤ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਮੌਜੂਦਾ ਸਮੇਂ 'ਚ ਵੱਖ-ਵੱਖ ਅਹੁਦਿਆਂ ਲਈ 25 ਉਮੀਦਵਾਰ ਮੈਦਾਨ ਵਿੱਚ ਹਨ। ਡਾ. ਜੌਹਲ ਦੇ ਵਿਰੁੱਧ ਖੜ੍ਹੇ ਸਾਰੇ ਹੀ ਉਮੀਦਵਾਰਾਂ ਵੱਲੋਂ ਆਪਣੇ ਕਾਗਜ਼ ਵਾਪਸ ਲੈਣ ਤੋਂ ਬਾਅਦ ਉਨ੍ਹਾਂ ਨੂੰ ਸਰਬਸੰਮਤੀ ਨਾਲ ਅਕਾਦਮੀ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਹੁਣ 30 ਜਨਵਰੀ ਨੂੰ ਮੁੱਖ ਮੁਕਾਬਲਾ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਡਾ. ਸੁਰਜੀਤ ਸਿੰਘ ਤੇ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਜਨਰਲ ਸਕੱਤਰ ਲਈ ਡਾ. ਗੁਲਜ਼ਾਰ ਸਿੰਘ ਪੰਧੇਰ ਤੇ ਡਾ. ਗੁਰਇਕਬਾਲ ਸਿੰਘ ਵਿਚਕਾਰ ਹੋਵੇਗਾ। ਅਕਾਦਮੀ ਵਿੱਚ ਪ੍ਰਧਾਨ ਤੋਂ ਬਾਅਦ ਇਨ੍ਹਾਂ ਦੋਵੇਂ ਅਹੁਦਿਆਂ ਦੀ ਬਹੁਤ ਅਹਿਮੀਅਤ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜ ਮੀਤ ਪ੍ਰਧਾਨਾਂ ਵਿੱਚੋਂ ਪੰਜਾਬ ਦੇ ਬਾਹਰ ਦੇ ਇਕੱਲੇ ਉਮੀਦਵਾਰ ਹੋਣ ਕਰਕੇ ਡਾ. ਹਰਵਿੰਦਰ ਸਿੰਘ ਸਿਰਸਾ ਬਿਨਾਂ ਮੁਕਾਬਲਾ ਮੀਤ ਪ੍ਰਧਾਨ ਬਣ ਗਏ ਹਨ, ਜਦਕਿ ਹੁਣ ਡਾ. ਗੁਰਮੀਤ ਕੱਲਰਮਾਜਰੀ, ਸੁਖਦਰਸ਼ਨ ਗਰਗ, ਭਗਵੰਤ ਰਸੂਲਪੁਰੀ, ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ, ਸਿਮਰਤ ਸੁਮੈਰਾ, ਡਾ. ਭਗਵੰਤ ਸਿੰਘ ਆਦਿ ਸੱਤ ਮੈਂਬਰਾਂ ਵਿੱਚੋਂ ਚਾਰ ਮੀਤ ਪ੍ਰਧਾਨ ਚੁਣੇ ਜਾਣੇ ਹਨ।ਪ੍ਰਬੰਧਕੀ ਬੋਰਡ ਦੇ ਕੁੱਲ ਪੰਦਰਾਂ ਮੈਂਬਰ ਚੁਣੇ ਜਾਣੇ ਹਨ, ਜਿਨ੍ਹਾਂ ਵਿੱਚ ਦੋ ਮਹਿਲਾ ਮੈਂਬਰ-ਇੰਦਰਾ ਵਿਰਕ ਅਤੇ ਪਰਮਜੀਤ ਕੌਰ ਮਹਿਕ ਬਿਨਾਂ ਮੁਕਾਬਲਾ ਜੇਤੂ ਹਨ।

# ਪੰਜਾਬ ਦੀਆਂ 5 ਹਸਤੀਆਂ ਪਦਮ ਐਵਾਰਡ ਨਾਲ ਸਨਮਾਨਿਤ

ਚੰਡੀਗੜ੍ਹ-ਪੰਜਾਬ ਦੇ ਹਿੱਸੇ ਇਸ ਵਾਰ ਪੰਜ ਪਦਮ ਐਵਾਰਡ ਆਏ ਹਨ। ਐਵਾਰਡ ਹਾਸਲ ਕਰਨ ਵਾਲੀਆਂ ਹਸਤੀਆਂ ਵਿੱਚੋਂ ਲੰਮੀ ਹੇਕ ਵਾਲੀ ਗਾਇਕਾ ਗੁਰਮੀਤ ਬਾਵਾ ਨੂੰ ਪਦਮ ਭੂਸ਼ਨ ਐਵਾਰਡ (ਮਰਨ ਉਪਰੰਤ) ਨਾਲ ਨਵਾਜਿਆ ਗਿਆ ਹੈ। ਉਨ੍ਹਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਤੇ ਚੜ੍ਹਦੀ ਕਲਾ ਅਖ਼ਬਾਰ ਦੇ ਬਾਨੀ ਤੇ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਚੇਅਰਮੈਨ ਜਗਜੀਤ ਸਿੰਘ ਦਰਦੀ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਸ੍ਰੀ ਦਰਦੀ ਨੂੰ ਇਹ ਐਵਾਰਡ ਉਨ੍ਹਾਂ ਵੱਲੋਂ ਕੌਮੀ ਏਕਤਾ, ਭਾਈਚਾਰਜ ਸਾਂਝ, ਮੀਡੀਆ ਤੇ ਵਿੱਦਿਆ ਖੇਤਰ 'ਚ ਪਾਏ ਯੋਗਦਾਨ ਸਦਕਾ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਹਰਮੋਹਿੰਦਰ ਸਿੰਘ ਬੇਦੀ ਨੂੰ ਸਾਹਿਤ ਤੇ ਵਿੱਦਿਆ ਦੇ ਖੇਤਰ 'ਚ ਪਾਏ ਯੋਗਦਾਨ ਲਈ ਪਦਮਸ੍ਰੀ ਨਾਲ ਸਨਮਾਨਿਆ ਗਿਆ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਬਾਬਾ ਇਕਬਾਲ ਸਿੰਘ ਤੇ ਸ੍ਰੀ ਪ੍ਰੇਮ ਸਿੰਘ ਨੂੰ ਸਮਾਜ ਭਲਾਈ ਦੇ ਕਾਰਜਾਂ 'ਚ ਪਾਏ ਯੋਗਦਾਨ ਸਦਕਾ ਪਦਮਸ੍ਰੀ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

# ਡੇਰਾ ਸਿਰਸਾ ਤੇ 10 ਪ੍ਰੇਮੀਆਂ ਖ਼ਿਲਾਫ਼ ਬੇਅਦਬੀ ਮਾਮਲੇ ਵਿਚ ਚਲਾਨ ਪੇਸ਼




ਫ਼ਰੀਦਕੋਟ-ਬਹੁ-ਚਰਚਿਤ ਬੇਅਦਬੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਇੱਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਮੇਤ 10 ਡੇਰਾ ਪ੍ਰੇਮੀਆਂ ਖ਼ਿਲਾਫ਼ ਚਲਾਨ ਪੇਸ਼ ਕਰ ਦਿੱਤਾ ਹੈ। ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਸਬੰਧੀ ਅਗਲੇ ਦਿਨ ਬਾਜਾਖਾਨਾ ਥਾਣੇ ਵਿੱਚ ਆਈਪੀਸੀ ਦੀ ਧਾਰਾ 380/295/414/451/120-ਬੀ ਤਹਿਤ ਪਰਚਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਪਹਿਲਾਂ ਇੱਕ ਚਲਾਨ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਪਰੰਤੂ ਇਹ ਚਲਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 4 ਜਨਵਰੀ 2020 ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਸਨ ਕਿ ਨਵੀਂ ਜਾਂਚ ਟੀਮ ਬਣਾ ਕੇ ਬੇਅਦਬੀ ਕਾਂਡ ਦੀ ਕਾਨੂੰਨ ਮੁਤਾਬਿਕ ਨਿਰਪੱਖ ਪੜਤਾਲ ਕੀਤੀ ਜਾਵੇ ਜਿਸ 'ਤੇ ਪੰਜਾਬ ਸਰਕਾਰ ਨੇ ਆਈਜੀ ਸੁਰਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਵਿੱਚ ਜਾਂਚ ਟੀਮ ਦਾ ਗਠਨ ਕੀਤਾ ਸੀ। ਇਹ ਜਾਂਚ ਟੀਮ ਦੋ ਵਾਰ ਸੁਨਾਰੀਆ ਜੇਲ੍ਹ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਤੋਂ ਵੀ ਪੁੱਛ ਪੜਤਾਲ ਕਰ ਚੁੱਕੀ ਹੈ। ਇੱਕ ਸਾਲ ਲੰਬੀ ਚੱਲੀ ਪੜਤਾਲ ਤੋਂ ਬਾਅਦ ਜਾਂਚ ਟੀਮ ਨੇ ਆਪਣੀ ਪੜਤਾਲ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੀ ਸਾਜ਼ਿਸ਼ ਡੇਰਾ ਸਿਰਸਾ ਦੇ ਪ੍ਰਬੰਧਕੀ ਕੰਪਲੈਕਸ ਵਿੱਚ ਰਚੀ ਗਈ ਸੀ ਅਤੇ ਇਸ ਸਾਜ਼ਿਸ਼ ਬਾਰੇ ਡੇਰਾ ਮੁਖੀ ਨੂੰ ਵੀ ਜਾਣਕਾਰੀ ਸੀ। ਜਾਂਚ ਟੀਮ ਨੇ ਇਸ ਮਾਮਲੇ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਪ੍ਰਦੀਪ ਕਲੇਰ, ਸੰਦੀਪ ਬਰੇਟਾ, ਹਰਸ਼ ਧੂਰੀ, ਸ਼ਕਤੀ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ, ਬਲਜੀਤ ਸਿੰਘ, ਸੁਖਜਿੰਦਰ ਸਿੰਘ, ਸੁਖਵਿੰਦਰ ਸਿੰਘ, ਰਣਦੀਪ ਸਿੰਘ ਅਤੇ ਨਾਭਾ ਜੇਲ੍ਹ ਵਿੱਚ ਕਤਲ ਕੀਤੇ ਗਏ ਮਹਿੰਦਰਪਾਲ ਬਿੱਟੂ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL — KULWANT ATWAL 604-716-2135
MORTGAGES 1st, 2nd or Private — BHAJAN ATWAL 604-773-8426
BUILD WITH WARRANTY — BUILD, SUPPORT & ADVICE TEAM WORK — 604-773-8426 604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕਾਂਗਰਸ ਨੇ ਟਿਕਟਾਂ ਦੀ ਵੰਡ ਦੌਰਾਨ ਪੁੱਤ-ਭਤੀਜੇ ਖ਼ੁਸ਼ ਕੀਤੇ

ਚੰਡੀਗੜ੍ਹ-ਪੰਜਾਬ ਚੋਣਾਂ ਦੇ ਮੈਦਾਨ 'ਚ ਐਤਕੀਂ ਕਾਂਗਰਸ ਪਾਰਟੀ ਨੇ ਜ਼ਿਆਦਾ ਆਪਣੇ 'ਪੁੱਤ ਭਤੀਜੇ' ਉਤਾਰੇ ਹਨ। ਕਾਂਗਰਸ ਹਾਈ ਕਮਾਨ ਨੇ ਸਭ ਪ੍ਰਮੁੱਖ ਆਗੂਆਂ ਦੇ ਪਰਿਵਾਰਾਂ ਨੂੰ ਖ਼ੁਸ਼ ਰੱਖਣ ਦਾ ਯਤਨ ਕੀਤਾ ਹੈ। ਕਾਂਗਰਸ ਹੁਣ ਤੱਕ 109 ਉਮੀਦਵਾਰ ਐਲਾਨ ਚੁੱਕੀ ਹੈ ਅਤੇ ਇਸ ਸੂਚੀ 'ਚ ਪਰਿਵਾਰਵਾਦ ਭਾਰੂ ਨਜ਼ਰ ਪੈ ਰਿਹਾ ਹੈ। 'ਇੱਕ ਪਰਿਵਾਰ ਇੱਕ ਟਿਕਟ' ਦਾ ਫ਼ਾਰਮੂਲਾ ਵੀ ਇਸ ਸੂਚੀ 'ਚ ਅੱਖੋਂ ਪਰੋਖੇ ਹੋਇਆ ਹੈ। ਵੇਰਵਿਆਂ ਅਨੁਸਾਰ ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਜਵਾਈ ਵਿਕਰਮ ਸਿੰਘ ਬਾਜਵਾ ਨੂੰ ਹਲਕਾ ਸਾਹਨੇਵਾਲ ਤੋਂ ਉਮੀਦਵਾਰ ਬਣਾਇਆ ਹੈ ਜਦਕਿ ਬੀਬੀ ਭੱਠਲ ਖ਼ੁਦ ਲਹਿਰਾਗਾਗਾ ਤੋਂ ਪਾਰਟੀ ਦੇ ਉਮੀਦਵਾਰ ਹਨ। ਸਾਬਕਾ ਮੁੱਖ ਮੰਤਰੀ ਮਰਹੂਮ ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਬਰਾੜ ਨੂੰ ਕਾਂਗਰਸ ਨੇ ਹਲਕਾ ਮੁਕਤਸਰ ਤੋਂ ਉਮੀਦਵਾਰ ਬਣਾਇਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਭਤੀਜੇ ਸਮਿੱਤ ਸਿੰਘ ਨੂੰ ਹਲਕਾ ਅਮਰਗੜ੍ਹ ਤੋਂ ਟਿਕਟ ਦਿੱਤੀ ਗਈ ਹੈ। ਸਮਿੱਤ ਸਿੰਘ ਹਲਕਾ ਧੂਰੀ ਤੋਂ ਵਿਧਾਇਕ ਰਹਿ ਚੁੱਕੇ ਧਨਵੰਤ ਸਿੰਘ ਧੂਰੀ ਦੇ ਲੜਕੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਭਤੀਜੇ ਸੰਦੀਪ ਜਾਖੜ ਨੂੰ ਹਲਕਾ ਅਬੋਹਰ ਤੋਂ ਟਿਕਟ ਦਿੱਤੀ ਗਈ ਹੈ। ਮੁੱਖ ਮੰਤਰੀ ਚਰਨਜੀਤ ਚੰਨੀ ਬੇਸ਼ੱਕ ਆਪਣੇ ਭਰਾ ਨੂੰ ਟਿਕਟ ਨਹੀਂ ਦਿਵਾ ਸਕੇ ਹਨ ਪ੍ਰੰਤੂ ਚੰਨੀ ਨੇ ਦੂਜੀ ਸੂਚੀ ਵਿੱਚ ਆਪਣੀ ਪੂਰੀ ਛਾਪ ਛੱਡੀ ਹੈ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਦੇ ਲੜਕੇ ਮੋਹਿਤ ਮਹਿੰਦਰਾ ਨੂੰ ਪਟਿਆਲਾ ਦਿਹਾਤੀ ਅਤੇ ਐੱਮਪੀ ਅਮਰ ਸਿੰਘ ਦੇ ਲੜਕੇ ਕਾਮਿਲ ਅਮਰ ਸਿੰਘ ਨੂੰ ਹਲਕਾ ਰਾਏਕੋਟ ਤੋਂ ਟਿਕਟ ਦਿੱਤੀ ਗਈ ਹੈ। ਇਸੇ ਤਰ੍ਹਾਂ ਐੱਮਪੀ ਰਵਨੀਤ ਬਿੱਟੂ ਨੇ ਆਪਣੇ ਰਿਸ਼ਤੇਦਾਰ ਬਿਕਰਮ ਸਿੰਘ ਮੋਫਰ ਨੂੰ ਹਲਕਾ ਸਰਦੂਲਗੜ੍ਹ ਤੋਂ ਟਿਕਟ ਦਿਵਾਈ ਹੈ। ਸਾਬਕਾ ਮੰਤਰੀ ਕਰਮ ਸਿੰਘ ਗਿੱਲ ਦੇ ਲੜਕੇ ਰਾਜਾ ਗਿੱਲ ਨੂੰ ਕਾਂਗਰਸ ਨੇ ਹਲਕਾ ਸਮਰਾਲਾ ਤੋਂ ਟਿਕਟ ਦਿੱਤੀ ਹੈ ਅਤੇ ਇਸ ਪਰਿਵਾਰ ਦਾ ਨਾਤਾ ਵੀ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਨਾਲ ਜੁੜਦਾ ਹੈ। ਐੱਮਪੀ ਚੌਧਰੀ ਸੰਤੋਖ ਸਿੰਘ ਦੇ ਲੜਕੇ ਵਿਕਰਮ ਸਿੰਘ ਚੌਧਰੀ ਨੂੰ ਦੂਸਰੀ ਵਾਰ ਪਾਰਟੀ ਨੇ ਹਲਕਾ ਫਿਲੌਰ ਤੋਂ ਟਿਕਟ ਦਿੱਤੀ ਹੈ। ਸਾਬਕਾ ਵਿਧਾਇਕ ਮਰਹੂਮ ਗੁਰਨਾਮ ਸਿੰਘ ਅਬੁਲਖੁਰਾਣਾ ਦੇ ਲੜਕੇ ਜਗਪਾਲ ਸਿੰਘ ਅਬੁਲਖੁਰਾਣਾ ਨੂੰ ਹਲਕਾ ਲੰਬੀ ਤੋਂ ਟਿਕਟ ਦਿੱਤੀ ਗਈ ਹੈ ਜਦਕਿ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੇ ਲੜਕੇ ਜਸਵਿੰਦਰ ਸਿੰਘ ਧੀਮਾਨ ਨੂੰ ਹਲਕਾ ਸੁਨਾਮ ਤੋਂ ਟਿਕਟ ਦਿੱਤੀ ਗਈ ਹੈ। ਇਸ ਤੋਂ ਇਲਾਵਾ ਕਾਂਗਰਸ ਨੇ ਸਾਬਕਾ ਐੱਮਪੀ ਮਰਹੂਮ ਹਾਕਮ ਸਿੰਘ ਮੀਆਂ ਦੀ ਪੋਤ ਨੂੰਹ ਰਣਬੀਰ ਕੌਰ ਮੀਆਂ ਨੂੰ ਹਲਕਾ ਬੁਢਲਾਡਾ ਤੋਂ ਮੈਦਾਨ ਵਿੱਚ ਉਤਾਰਿਆ ਹੈ। ਕਾਂਗਰਸ ਪਾਰਟੀ ਨੇ ਕਈ ਸਾਬਕਾ ਵਿਧਾਇਕਾਂ ਅਤੇ ਵਜ਼ੀਰਾਂ ਦੇ ਪਰਿਵਾਰਾਂ ਨੂੰ ਟਿਕਟ ਨਹੀਂ ਦਿੱਤੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਪਟਿਆਲਾ ਸ਼ਹਿਰੀ ਤੋਂ ਟਿਕਟ ਮੰਗ ਰਹੇ ਹਨ ਜਦਕਿ ਪਾਰਟੀ ਤਰਫ਼ੋਂ ਪਹਿਲਾਂ ਹੀ ਉਨ੍ਹਾਂ ਦੇ ਲੜਕੇ ਰਾਜਿੰਦਰ ਸਿੰਘ ਨੂੰ ਹਲਕਾ ਸਮਾਣਾ ਤੋਂ ਟਿਕਟ ਦਿੱਤੀ ਹੋਈ ਹੈ। ਐੱਮਪੀ ਜਸਬੀਰ ਸਿੰਘ ਡਿੰਪਾ ਵੀ ਹਲਕਾ ਖਡੂਰ ਸਾਹਿਬ ਤੋਂ ਆਪਣੇ ਲੜਕੇ ਲਈ ਟਿਕਟ ਲੈਣ ਦੇ ਇੱਛੁਕ ਸਨ। ਡਿੰਪਾ ਨੇ ਅੱਜ ਟਵੀਟ ਕਰਕੇ ਏਨਾ ਕੁ ਕਿਹਾ ਹੈ ਕਿ ਵਫ਼ਾਦਾਰੀ, ਮਿਹਨਤ 'ਤੇ ਰੋਕੜ ਭਾਰੀ ਪੈ ਜਾਵੇ ਤਾਂ ਉਸ ਪਾਰਟੀ ਦਾ ਕੀ ਕਰਨਾ ਚਾਹੀਦਾ ਹੈ। ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੀ ਆਪਣੇ ਲੜਕੇ ਲਈ ਪਾਰਟੀ ਤੋਂ ਟਿਕਟ ਚਾਹੁੰਦੇ ਸਨ। ਕਾਂਗਰਸ ਨੇ ਜੂਨੀਅਰ ਅਵਤਾਰ ਹੈਨਰੀ ਨੂੰ ਉਮੀਦਵਾਰ ਐਲਾਨਿਆ ਹੈ ਜੋ ਕਿ ਸਾਬਕਾ ਮੰਤਰੀ ਅਵਤਾਰ ਹੈਨਰੀ ਦੇ ਲੜਕੇ ਹਨ। ਸਾਬਕਾ ਮੰਤਰੀ ਰਘੂਨਾਥ ਸਹਾਏਪੁਰੀ ਦੇ ਲੜਕੇ ਨਰੇਸ਼ ਪੁਰੀ ਨੂੰ ਮੁੜ ਹਲਕਾ ਸੁਜਾਨਪੁਰ ਤੋਂ ਉਮੀਦਵਾਰ ਬਣਾਇਆ ਹੈ। ਸਾਬਕਾ ਮੰਤਰੀ ਸਰਦੂਲ ਸਿੰਘ ਦਾ ਲੜਕਾ ਸੁਖਵਿੰਦਰ ਸਿੰਘ ਡੈਨੀ ਹਲਕਾ ਜੰਡਿਆਲਾ ਗੁਰੂ ਤੋਂ ਉਮੀਦਵਾਰ ਬਣਿਆ ਹੈ। ਬਹੁਤੇ ਕਾਂਗਰਸੀ ਪਰਿਵਾਰਾਂ ਦੇ ਲੜਕੇ ਤੇ ਰਿਸ਼ਤੇਦਾਰ ਐਤਕੀਂ ਚੋਣਾਂ ਵਿੱਚ ਉੱਤਰੇ ਹਨ ਜਿਸ ਤੋਂ ਕਾਂਗਰਸੀ ਟਿਕਟਾਂ ਦੇ ਚਾਹਵਾਨ ਸਾਧਾਰਨ ਆਗੂ ਨਾਰਾਜ਼ ਹਨ।

## ਸੁਖਪਾਲ ਸਿੰਘ ਖਹਿਰਾ ਨੂੰ ਮਿਲੀ ਜ਼ਮਾਨਤ



ਮੁਹਾਲੀ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਮਨੀ ਲਾਂਡਰਿੰਗ ਕੇਸ ਵਿੱਚ ਗ੍ਰਿਫ਼ਤਾਰ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਉਂਜ ਇਸ ਤੋਂ ਪਹਿਲਾਂ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਨੇ ਖਹਿਰਾ ਨੂੰ ਦੁਪਹਿਰ ਵੇਲੇ ਹੀ 31 ਜਨਵਰੀ ਤੱਕ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਸਮੇਂ ਸੁਖਪਾਲ ਖਹਿਰਾ ਨਿਆਂਇਕ ਹਿਰਾਸਤ ਅਧੀਨ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹਨ। ਹਾਈ ਕੋਰਟ ਨੇ ਖਹਿਰਾ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ ਜੇਲ੍ਹ 'ਚੋਂ ਰਿਹਾਅ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਬਚਾਅ ਪੱਖ ਦੇ ਵਕੀਲਾਂ ਨੇ ਸੁਖਪਾਲ ਖਹਿਰਾ ਨੂੰ ਬੇਕਸੂਰ ਦੱਸਦਿਆਂ ਈਡੀ ਦੀ ਕਾਰਵਾਈ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ। ਉਨ੍ਹਾਂ ਕਿਹਾ ਕਿ ਖਹਿਰਾ ਨੂੰ ਡੂੰਘੀ ਸਾਜ਼ਿਸ਼ ਤਹਿਤ ਝੂਠੇ ਕੇਸ ਵਿੱਚ ਫਸਾਇਆ ਜਾ ਰਿਹਾ ਹੈ। ਇਸ ਲਈ ਕਾਂਗਰਸ ਆਗੂ ਦੀ ਜ਼ਮਾਨਤ ਮਨਜ਼ੂਰ ਕਰਕੇ ਉਸ ਨੂੰ ਜੇਲ੍ਹ 'ਚੋਂ ਰਿਹਾਅ ਕੀਤਾ ਜਾਵੇ। ਜਦੋਂਕਿ ਈਡੀ ਦੇ ਵਕੀਲਾਂ ਨੇ ਸੁਖਪਾਲ ਖਹਿਰਾ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕਾਂਗਰਸ ਆਗੂ ਵਿਰੁੱਧ ਤੱਥਾਂ ਦੇ ਆਧਾਰ 'ਤੇ ਪਰਚਾ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉੱਚ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਅਤੇ ਵੱਖ-ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਅੱਜ ਸੁਖਪਾਲ ਖਹਿਰਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਗਈ। ਉਹ ਭੁਲੱਥ ਹਲਕੇ ਤੋਂ ਚੋਣ ਲੜ ਰਹੇ ਹਨ। ਜ਼ਿਕਰਯੋਗ ਹੈ ਸੁਖਪਾਲ ਖਹਿਰਾ ਨੂੰ ਪਿਛਲੇ ਸਾਲ 11 ਨਵੰਬਰ ਨੂੰ ਇਸ ਮਾਮਲੇ ਵਿੱਚ ਪੁੱਛਗਿੱਛ ਲਈ ਈਡੀ ਦੇ ਸੈਕਟਰ-18 ਸਥਿਤ ਦਫ਼ਤਰ ਵਿੱਚ ਸੱਦਿਆ ਗਿਆ ਸੀ। ਜਿੱਥੇ ਮੁੱਢਲੀ ਪੁੱਛਗਿੱਛ ਦੌਰਾਨ ਕਾਂਗਰਸ ਆਗੂ ਦੀ ਗ੍ਰਿਫ਼ਤਾਰੀ ਪਾ ਲਈ ਗਈ ਸੀ। ਈਡੀ ਵੱਲੋਂ ਸਾਲ 2015 ਵਿੱਚ ਫਾਜ਼ਿਲਕਾ ਵਿੱਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਗਿਆ ਸੀ। ਖਹਿਰਾ 'ਤੇ ਵੱਖ-ਵੱਖ ਵਿਦੇਸ਼ੀ ਮੁਲਕਾਂ 'ਚੋਂ ਚੰਦੇ ਦੇ ਰੂਪ ਵਿੱਚ ਵੱਡੀ ਮਾਤਰਾ ਵਿੱਚ ਪੈਸਾ ਇਕੱਠਾ ਕਰਨ ਦਾ ਗੰਭੀਰ ਦੋਸ਼ ਹੈ।

## ਬੰਦੀ ਸਿੱਖਾਂ ਦੀ ਰਿਹਾਈ ਲਈ ਗਣਤੰਤਰ ਦਿਵਸ ਨੂੰ ਕਾਲਾ ਦਿਵਸ ਮਨਾਇਆ

ਅੰਮ੍ਰਿਤਸਰ-ਸਜ਼ਾਵਾਂ ਪੂਰੀਆਂ ਕਰ ਚੁੱਕੇ 9 ਸਿੱਖ ਬੰਦੀਆਂ ਨੂੰ ਰਿਹਾਅ ਨਾ ਕਰਨ ਦੇ ਵਿਰੋਧ ਵਿੱਚ ਨੌਜਵਾਨਾਂ ਨੇ ਰੋਸ ਮੁਜ਼ਾਹਰਾ ਅਤੇ ਮਾਰਚ ਕਰਦਿਆਂ ਦੇਸ਼ ਵਿੱਚ ਬੰਦੀ ਸਿੱਖਾਂ ਲਈ ਨਾਬਰਾਬਰੀ ਵਾਲੇ ਕਾਨੂੰਨ ਅਤੇ ਨਿਯਮਾਂ ਦੀ ਸਖ਼ਤ ਆਲੋਚਨਾ ਕੀਤੀ ਅਤੇ ਗਣਤੰਤਰ ਦਿਵਸ ਨੂੰ ਕਾਲੇ ਦਿਨ ਵਜੋਂ ਮਨਾਇਆ। ਦਲ ਖ਼ਾਲਸਾ ਨਾਲ ਸਬੰਧਤ ਸਿੱਖ ਯੂਥ ਆਫ਼ ਪੰਜਾਬ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਸੰਵਿਧਾਨਕ ਵਿਤਕਰੇ, ਸ਼ੋਸ਼ਣ, ਜ਼ਿਆਦਤੀਆਂ, ਬੇਇਨਸਾਫੀਆਂ ਵਿਰੁੱਧ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਲਈ ਭੰਡਾਰੀ ਪੁਲ 'ਤੇ ਰੋਸ ਮੁਜ਼ਾਹਰਾ ਕੀਤਾ। ਇਸ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ (ਵਿਰਾਸਤੀ ਮਾਰਗ) ਤੱਕ ਮਾਰਚ ਕੱਢਿਆ ਗਿਆ ਤੇ ਖਾਲਿਸਤਾਨ ਪੱਖੀ ਨਾਅਰੇ ਵੀ ਲਾਏ ਗਏ। ਇਹ ਮਾਰਚ ਦਲ ਖ਼ਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ, ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾਂ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕੰਵਰ ਚੜ੍ਹਤ ਸਿੰਘ ਦੀ ਅਗਵਾਈ ਹੇਠ ਹੋਇਆ, ਜਿਸ ਵਿੱਚ ਨੌਜਵਾਨਾਂ ਨੇ ਕਾਲੇ ਝੰਡੇ ਅਤੇ ਬੰਦੀ ਸਿੰਘਾਂ ਦੀਆਂ ਤਸਵੀਰਾਂ ਵਾਲੇ ਬੈਨਰ ਹੱਥਾਂ 'ਚ ਫੜੇ ਹੋਏ ਸਨ। ਅਰਵਿੰਦ ਕੇਜਰੀਵਾਲ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਈਲ 'ਤੇ ਦਸਤਖ਼ਤ ਨਾ ਕਰਨ ਪ੍ਰਤੀ ਰੋਸ ਜ਼ਾਹਿਰ ਕਰਦਿਆਂ ਨੌਜਵਾਨ ਆਗੂਆਂ ਨੇ ਕਿਹਾ ਕਿ ਜੇਕਰ ਪ੍ਰੋ. ਭੁੱਲਰ ਦੀ ਰਿਹਾਈ ਨਾ ਹੋਈ ਤਾਂ ਪੰਜਾਬ ਵਿੱਚ 'ਆਪ' ਨੂੰ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਜਥੇਬੰਦੀਆਂ ਨੇ ਪਿਛਲੇ ਸਾਲ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਖ਼ਾਲਸਾਈ ਝੰਡਾ ਝੁਲਾਉਣ ਵਾਲੇ ਜੁਗਰਾਜ ਸਿੰਘ ਖ਼ਾਲਸਾ ਦਾ ਸਨਮਾਨ ਵੀ ਕੀਤਾ। ਇਸ ਮੌਕੇ ਪ੍ਰਸਿੱਧ ਕੀਰਤਨੀਏ ਭਾਈ ਬਲਦੇਵ ਸਿੰਘ ਵਡਾਲਾ, ਬਾਪੂ ਗੁਰਚਰਨ ਸਿੰਘ ਪਟਿਆਲਾ ਅਤੇ ਭਾਈ ਸੁਖਵਿੰਦਰ ਸਿੰਘ ਨਾਗੋਕੇ ਵੀ ਹਾਜ਼ਰ ਸਨ। ਇਸ ਮੌਕੇ ਦਲ ਖ਼ਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਵੀ ਸੰਬੋਧਨ ਕੀਤਾ।

## ਦਰਸ਼ਨੀ ਡਿਊਡੀ ਦੇ ਇਤਿਹਾਸਕ ਦਰਵਾਜ਼ੇ ਸਿੱਖ ਅਜਾਇਬ ਘਰ ਵਿਚ ਸਥਾਪਿਤ ਕੀਤੇ

ਅੰਮ੍ਰਿਤਸਰ (ਜਗਤਾਰ ਲਾਂਬਾ)-ਲਗਪਗ ਦੋ ਸੌ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਵਿਚ ਸਥਾਪਤ ਕੀਤੇ ਗਏ ਦਰਵਾਜ਼ੇ, ਜੋ ਹੁਣ ਖਸਤਾ ਹਾਲਤ ਵਿਚ ਸਨ, ਕੇਂਦਰੀ ਸਿੱਖ ਅਜਾਇਬ ਘਰ ਵਿਚ ਰੱਖ ਦਿੱਤੇ ਗਏ ਹਨ। ਇਹ ਪੁਰਾਤਨ ਦਰਵਾਜ਼ਿਆਂ ਦਾ ਜੋੜਾ ਸੰਦਲ ਦੀ ਲੱਕੜ ਦਾ ਬਣਿਆ ਹੋਇਆ ਹੈ, ਜਿਸ ਉਪਰ ਚਾਂਦੀ ਦੀ ਸ਼ੀਟ ਅਤੇ ਸੋਨੇ ਦੇ ਪੇਚ ਲੱਗੇ ਹੋਏ ਹਨ। ਇਸ ਵਿਚ ਹਾਥੀ ਦੰਦ ਨਾਲ ਮੀਨਾਕਾਰੀ ਕੀਤੀ ਹੋਈ ਹੈ। ਇਹ ਦਰਵਾਜ਼ੇ ਲਗਪਗ 118 ਇੰਚ ਉਚੇ ਅਤੇ 110 ਇੰਚ ਚੌੜੇ ਹਨ। ਇਨ੍ਹਾਂ ਦੀ ਮੋਟਾਈ ਲਗਪਗ 4 ਇੰਚ ਹੈ। ਇਹ ਪੁਰਾਤਨ ਦਰਵਾਜ਼ੇ ਹੁਣ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਕੇਂਦਰੀ ਸਿੱਖ ਅਜਾਇਬ ਘਰ ਦੇ ਬਣੇ ਪ੍ਰਵੇਸ਼ ਦੁਆਰ ਨੇੜੇ ਰੱਖੇ ਗਏ ਹਨ। ਸ਼ੀਸ਼ੇ ਦੇ ਫਰੇਮ ਵਿਚ ਇਹ ਪੁਰਾਤਨ ਦਰਵਾਜ਼ੇ ਸਿੱਖ ਇਤਿਹਾਸ ਦੇ ਹਿੱਸੇ ਵਜੋਂ ਸੁਰੱਖਿਅਤ ਕੀਤੇ ਗਏ ਹਨ। ਇਨ੍ਹਾਂ ਦਰਵਾਜ਼ਿਆਂ ਨੂੰ ਪ੍ਰਸਿੱਧ ਸੋਮਨਾਥ ਮੰਦਰ ਨਾਲ ਵੀ ਜੋੜਿਆ ਜਾਂਦਾ ਰਿਹਾ ਹੈ ਪਰ ਬਾਅਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਈ ਗਈ ਜਾਂਚ ਰਾਹੀਂ ਸਪੱਸ਼ਟ ਹੋ ਗਿਆ ਸੀ ਕਿ ਇਹ ਮੰਦਰ ਦੇ ਦਰਵਾਜ਼ੇ ਨਹੀਂ ਹਨ। ਇਤਿਹਾਸ ਦੀਆਂ ਕੁਝ ਪੁਸਤਕਾਂ ਵਿਚ ਮਹਾਰਾਜਾ ਰਣਜੀਤ ਸਿੰਘ ਵੇਲੇ ਬਣਵਾਏ ਗਏ ਇਨ੍ਹਾਂ ਦਰਵਾਜ਼ਿਆਂ ਦੇ ਵੇਰਵੇ ਵੀ ਮਿਲਦੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ ਦਰਵਾਜ਼ੇ ਹੁਣ ਕੇਂਦਰੀ ਸਿੱਖ ਅਜਾਇਬ ਘਰ ਦਾ ਹਿੱਸਾ ਹੋਣਗੇ, ਜਿਨ੍ਹਾਂ ਨੂੰ ਇਤਿਹਾਸ ਦੇ ਹਿੱਸੇ ਵਜੋਂ ਸੁਰੱਖਿਅਤ ਰੱਖਿਆ ਜਾਵੇਗਾ। ਇਹ ਸੰਗਤ ਦੇ ਦੇਖਣ ਵਾਸਤੇ ਰੱਖ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਮੇਂ ਦੇ ਨਾਲ ਇਹ ਦਰਵਾਜ਼ੇ ਖਸਤਾ ਹਾਲਤ ਵਿਚ ਹੋ ਗਏ ਸਨ। ਹੁਣ ਇਨ੍ਹਾਂ ਦੀ ਥਾਂ ਇਸੇ ਵਰਗੇ ਹੋਰ ਦਰਵਾਜ਼ੇ ਬਣਵਾਏ ਗਏ ਹਨ। ਇਨ੍ਹਾਂ 'ਤੇ ਆਗਰਾ ਤੋਂ ਸੱਦੇ ਕਾਰੀਗਰਾਂ ਵੱਲੋਂ ਵਿਸ਼ੇਸ਼ ਮੀਨਾਕਾਰੀ ਦਾ ਕੰਮ ਕੀਤਾ ਗਿਆ ਹੈ। ਦਰਵਾਜ਼ੇ ਤਿਆਰ ਕਰਨ ਤੋਂ ਪਹਿਲਾਂ ਪੁਰਾਤਨ ਦਰਵਾਜ਼ਿਆਂ ਦੀ ਮਾਈਕਰੋ ਫੋਟੋਗਰਾਫੀ ਕੀਤੀ ਗਈ ਸੀ, ਜਿਸ ਦੇ ਆਧਾਰ 'ਤੇ ਨਵੇਂ ਦਰਵਾਜ਼ੇ ਤਿਆਰ ਕੀਤੇ ਗਏ ਹਨ।








# ਕਾਂਗਰਸ ਮੁੱਖ ਮੰਤਰੀ ਦੇ ਚਿਹਰੇ ਦਾ ਫ਼ੈਸਲਾ ਪਾਰਟੀ ਵਰਕਰਾਂ ਦੀ ਰਾਇ ਨਾਲ ਕਰੇਗੀ-ਰਾਹੁਲ ਗਾਂਧੀ

ਸਫ਼ਾ 1 ਦੀ ਬਾਕੀ

ਪ੍ਰਧਾਨ ਮੰਤਰੀ ਦਿੱਤਾ ਜਿਨ੍ਹਾਂ ਨੇ ਦਸ ਸਾਲਾਂ ਤੱਕ ਦੇਸ਼ ਦੇ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੋਰ ਵੀ ਕਈ ਪਾਰਟੀਆਂ ਹਨ ਜਿਹੜੀਆਂ ਤਾਕਤ ਦਾ ਕੇਂਦਰੀਕਰਨ ਕਰ ਰਹੀਆਂ ਹਨ। ਕੌਮੀ ਪੱਧਰ 'ਤੇ ਨਰਿੰਦਰ ਮੋਦੀ ਤਾਕਤਾਂ ਦਾ ਕੇਂਦਰੀਕਰਨ ਕਰ ਰਹੇ ਹਨ, ਜਿਸ ਨਾਲ ਦੇਸ਼ ਦਾ ਤੇ ਸੂਬਿਆਂ ਦਾ ਨੁਕਸਾਨ ਹੋ ਰਿਹਾ ਹੈ। ਖੇਤੀ ਬਿਲਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ, ਜਿਸ ਦੀ ਅਗਵਾਈ ਪੰਜਾਬ ਦੇ ਕਿਸਾਨਾਂ ਨੇ ਕੀਤੀ, ਵਿਚ ਮਿਲੀ ਸਫ਼ਲਤਾ ਲਈ ਕਿਸਾਨ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਇਸ ਸਮੇਂ ਸਭ ਤੋਂ ਵੱਡਾ ਮਸਲਾ ਬੇਰੁਜ਼ਗਾਰੀ ਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਵਿਚ ਤਾਕਤਾਂ ਦਾ ਵਿਕੇਂਦਰੀਕਰਨ ਕਰਨ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਈਨਿੰਗ, ਕੇਬਲ, ਟਰਾਂਸਪੋਰਟ ਤੇ ਸ਼ਰਾਬ ਤੋਂ ਹਜ਼ਾਰਾਂ ਕਰੋੜ ਰੁਪਏ ਆਉਂਦੇ ਹਨ, ਜੋ ਲੋਕਾਂ ਤੱਕ ਨਹੀਂ ਪਹੁੰਚਦੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਇਹ ਪੈਸਾ ਉਹ ਲੋਕਾਂ ਦੇ ਹਵਾਲੇ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿਚ ਖੇਤੀਬਾੜੀ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਰਾਹੀਂ ਲੋਕਾਂ ਨੂੰ 160 ਸੇਵਾਵਾਂ ਦਿੱਤੀਆਂ ਜਾਣਗੀਆਂ ਤਾਂ ਕਿ ਉਹ ਘਰ ਬੈਠੇ ਹੀ ਆਨਲਾਈਨ ਆਪਣੇ ਕੰਮ ਕਰਵਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪੰਚਾਇਤੀ ਰਾਜ ਨੂੰ ਮਜ਼ਬੂਤ ਕੀਤਾ ਜਾਵੇਗਾ। ਸਰਪੰਚਾਂ ਅਤੇ ਨਗਰ ਕੌਂਸਲਾਂ ਦੇ ਪ੍ਰਧਾਨਾਂ ਕੋਲ ਤਾਕਤ




ਹੋਵੇਗੀ। ਇਸ ਮੌਕੇ ਸਿੱਖਿਆ ਮੰਤਰੀ ਪਰਗਟ ਸਿੰਘ, ਵਿਧਾਇਕ ਸੁਸ਼ੀਲ ਰਿੰਕੂ, ਰਜਿੰਦਰ ਬੇਰੀ, ਬਾਵਾ ਹੈਨਰੀ, ਚੌਧਰੀ ਸੰਤੋਖ ਸਿੰਘ, ਅਵਤਾਰ ਹੈਨਰੀ ਸੀਨੀਅਰ, ਹਰਦੇਵ ਸਿੰਘ ਸ਼ੇਰੋਵਾਲੀਆ, ਡਾ. ਨਵਜੋਤ ਸਿੰਘ ਦਾਹੀਆ ਅਤੇ ਹੋਰ ਆਗੂ ਹਾਜ਼ਰ ਸਨ।

## ਰਾਹੁਲ ਗਾਂਧੀ ਨੇ ਦਰਬਾਰ ਸਾਹਿਬ ਮੱਥਾ ਟੇਕਿਆ

ਅਗਾਮੀ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੀ ਚੋਣ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਕਾਂਗਰਸੀ ਆਗੂ ਰਾਹੁਲ ਗਾਂਧੀ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਚੋਣ ਲਈ ਐਲਾਨੇ ਗਏ ਪਾਰਟੀ ਉਮੀਦਵਾਰਾਂ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਜਿੱਤ ਲਈ ਅਰਦਾਸ ਕੀਤੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਸੰਘਣੀ ਧੁੰਦ ਕਰ ਕੇ ਸਵੇਰੇ 9 ਵਜੇ ਦੀ ਥਾਂ ਲਗਪਗ 1 ਵਜੇ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਉਨ੍ਹਾਂ ਨੇ ਪਰਿਕਰਮਾ ਕੀਤੀ ਅਤੇ ਦਰਸ਼ਨੀ ਡਿਉਢੀ ਤੋਂ ਵਿਸ਼ੇਸ਼ ਰਸਤੇ ਰਾਹੀਂ ਮੱਥਾ ਟੇਕਣ ਲਈ ਪੁੱਜੇ। ਨਤਮਸਤਕ ਹੋਣ ਸਮੇਂ ਉਨ੍ਹਾਂ ਰੁਮਾਲਾ ਅਤੇ ਕੜਾਹ ਪ੍ਰਸਾਦਿ ਦੀ ਦੇਗ ਭੇਟ ਕੀਤੀ। ਉਨ੍ਹਾਂ ਨੂੰ ਸੱਚਖੰਡ ਵਿਖੇ ਫੁੱਲਾਂ ਦਾ ਹਾਰ ਭੇਟ ਕੀਤਾ ਗਿਆ। ਕੁਝ ਸਮਾਂ ਉਨ੍ਹਾਂ ਗੁਰਬਾਣੀ ਦਾ ਕੀਰਤਨ ਵੀ ਸੁਣਿਆ। ਉਨ੍ਹਾਂ ਸ੍ਰੀ ਅਕਾਲ ਤਖਤ ਉਪਰ ਜਾ ਕੇ ਨਤਮਸਤਕ ਹੋਣ ਦੀ ਥਾਂ ਹੇਠਾਂ ਤੋਂ ਹੀ ਮੱਥਾ ਟੇਕਿਆ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਗਏ, ਜਿਥੇ ਉਨ੍ਹਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਉਨ੍ਹਾਂ ਦੇ ਨਾਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਸਮੇਤ ਦੋਵੇਂ ਉਪ ਮੁੱਖ ਮੰਤਰੀ ਤੇ ਹੋਰ ਆਗੂ ਹਾਜ਼ਰ ਸਨ।

## ਮੈਨੂੰ ਕਿਸੇ ਅਹੁਦੇ ਦੀ ਲੋੜ ਨਹੀਂ-ਚੰਨੀ

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਇਹ ਕਹਿ ਰਹੀਆਂ ਹਨ ਕਿ ਕਾਂਗਰਸੀਆਂ ਦੀ ਬਰਾਤ 'ਚ ਕੋਈ ਲਾੜਾ ਨਹੀਂ ਹੈ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਉਹ ਪੰਜਾਬੀ ਹਨ ਤੇ ਪੰਜਾਬ ਦਾ ਭਲਾ ਚਾਹੁੰਦੇ ਹਨ। ਉਨ੍ਹਾਂ ਨੂੰ ਕਿਸੇ ਅਹੁਦੇ ਦੀ ਲੋੜ ਨਹੀਂ, ਪਰ ਪੰਜਾਬ ਦੇ ਲੋਕਾਂ ਦੀ ਮੰਗ ਹੈ ਕਿ ਕਾਂਗਰਸ ਪਾਰਟੀ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਕਰੇ।









# ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਟਫੋਰਡ ਵਿਖੇ 'ਗੰਗਾ ਸਾਗਰ' ਦੇ ਦਰਸ਼ਨ

ਸਰੀ (ਸੰਤੋਖ ਸਿੰਘ ਮੰਡੇਰ)-ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਟਫੋਰਡ-ਬੀ ਸੀ ,ਕਨੇਡਾ ਵਿਖੇ ਲਾਹੌਰ ਵਾਸੀ, ਕਨੇਡੀਅਨ ਨਾਗਕਿ, ਕਮਾਲੀਆ ਕਸਬੇ ਦੇ ਜਿਮੀਦਾਰ ਤੇ ਦੇਸ ਵੰਡ ਤੋ ਪਹਿਲਾਂ ਰਾਏਕੋਟ ਦੇ ਨਵਾਬ, ਜਨਾਬ ਰਾਏ ਅਜੀਜ ਉਲਾ ਜੀ ਨੇ ਸਿੱਖਾਂ ਦੇ ਦਸਮ ਗੁਰੂ, ਸ੍ਰੀ ਗੁਰੂਗੋਬਿੰਦ ਸਿੰਘ ਜੀ ਦੀ ਨਿਸ਼ਾਨੀ "ਗੰਗਾ ਸਾਗਰ" ਦੇ ਦਰਸ਼ਨ ਸਿੱਖ ਸੰਗਤਾਂ ਨੂੰ ਸ਼ਰਧਾ ਨਾਲ ਕਰਵਾਏ.ਗ ਪਾਕਿਸਤਾਨ ਦੇ ਸਾਬਕਾ ਸੰਸਦ ਮੈਬਰ-ਐਮ ਪੀ ਤੇ ਰਾਏਕੋਟ ਦੇ ਨਵਾਬ ਰਾਏ ਕੱਲਾ ਦੀ ਨੌਵੀ ਪੀੜੀ ਦੇ ਵਾਰਿਸ ਰਾਏ ਅਜੀਜ ਉਲਾ ਨੇ 'ਗੰਗਾ ਸਾਗਰ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਜਾਣਕਾਰ ਦਿਤੀ ਅਤੇ ਉਨਾਂ ਨੂੰ ਪ੍ਰਬੰਧਕ ਕਮੇਟੀ ਵਲੋ ਸਿਰੋਪਾਉ ਬਖਸ਼ਿਸ ਕੀਤਾ ਗਿਆ.ਗ ਇਸ ਮੌਕੇ ਖਾਲਸਾ ਦੀਵਾਨ ਸੁਸਾਇਟੀ ਐਬਸਟਫੋਰਡ ਦੀ ਪ੍ਰਬੰਧਕ ਕਮੇਟੀ ਵਲੋ ਸਰਦਾਰ ਭੱਜਨ ਸਿੰਘ ਤੂਰ-ਵਾਈਸ ਪ੍ਰਧਾਨ, ਜਤਿੰਦਰ ਸਿੰਘ ਗਿਲ ਤੇ ਅਜੀਪਾਲ ਸਿੰਘ-ਸੈਕਟਰੀ, ਸੁਰਿਦਰਪਾਲ ਸਿੰਘ ਗਰੇਵਾਲ-ਖਜਾਨਚੀ, ਸੁਪਿੰਦਰ ਸਿੰਘ ਮਾਂਗਟ-ਸਹਾਇਕ ਸੱਕਤਰ, ਪ੍ਰੀਤ ਰਾਏ-ਸਕੂਲ ਟੱਰਸਟੀ, ਭਾਈ ਸੁਖਦੇਵ ਸਿੰਘ-ਹੈਡ ਗਰੰਥੀ, ਤਰਸੇਮ ਸਿੰਘ ਦਿਆਲ-ਮੈਬਰ, ਰੱਣਜੀਤ ਸਿੰਘ ਦਿਆਲ-ਮੈਬਰ, ਬਿੱਟੂ ਖਾਲਸਾ-ਮੈਬਰ ਹਾਜਰ ਸਨ.ਗ ਐਬਸਟਫੋਰਡ ਇਲਾਕੇ ਦੀਆਂ ਸੰਗਤਾਂ ਵਿਚ ਦਰਸ਼ਣ ਕਰਨ ਵਾਲੇ, ਕਨੇਡਾ ਦੇ ਸਾਬਕਾ ਮੈਬਰ ਪਾਰਲੀਮੈਂਟ ਜਤੀ ਸਿੱਧੂ, ਕੌਸਲਰ ਦੇਵ ਸਿੱਧੂ, ਅਜੀਤ ਅੱਖਬਾਰ ਜਾਲੰਧਰ ਦੇ ਐਬਸਟਫੋਰਡ ਵਿਚ ਨੁਮਾਇੰਦੇ, ਪੱਤਰਕਾਰ-ਗੁਰਦੀਪ ਸਿੰਘ ਗਰੇਵਾਲ, ਰੇਡਿਉ ਹੋਸਟ ਤੇ ਰਿਆਲਟਰ ਗੁਰਬਿੰਦਰ ਸਿੰਘ ਧਾਲੀਵਾਲ ਅਤੇ ਅਨੇਕਾਂ ਬਜੁਰਗ, ਨੌਜਵਾਨ, ਮਾਤਾਵਾਂ, ਬੀਬੀਆਂ, ਬੱਚੇ ਸਤਿਕਾਰ ਨਾਲ ਸ਼ਾਮਲ ਹੋਏ ਸਨ।

# ਸਰਹੱਦ ਨੇੜੇ ਮੈਨੀਟੋਬਾ ਵਿਚ ਭਾਰਤੀ ਪਰਿਵਾਰ ਦੀ ਠੰਢ ਨਾਲ ਮੌਤ ਦਿਮਾਗ ਨੂੰ ਹਲੂਣਾ ਦੇਣ ਵਾਲੀ ਘਟਨਾ-ਟਰੂਡੋ

ਓਟਵਾ-ਇਕ ਪਰਿਵਾਰ ਦੇ ਚਾਰ ਜੀਆਂ ਦੀ ਬਰਫ ਹੇਠ ਦਬ ਕੇ ਮੌਤ ਹੋਣ ਦੇ ਦਿਮਾਗ ਨੂੰ ਹਲੂਣਾ ਦੇਣ ਵਾਲੇ ਦੁਖਾਂਤ ਪਿੱਛੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਅਮਰੀਕਾ ਨਾਲ ਲਗਦੀ ਸਰਹੱਦ 'ਤੇ ਲੋਕਾਂ ਦੀ ਸਮੱਗਲਿੰਗ ਰੋਕਣ ਲਈ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਮਿਨੇਸੋਟਾ ਨਾਲ ਲਗਦੀ ਸਰਹੱਦ 'ਤੇ ਮਨੀਟੋਬਾ ਵਿਚ ਐਮਰਸਨ ਨੇੜਿਓਂ ਇਕ ਵਿਅਕਤੀ, ਔਰਤ, ਬੱਚਾ ਅਤੇ ਕਿਸ਼ੋਰ ਦੀਆਂ ਲਾਸ਼ਾਂ ਮਿਲੀਆਂ ਸਨ। ਚਾਰਾਂ ਦੀ ਆਰਜ਼ੀ ਤੌਰ 'ਤੇ ਭਾਰਤ ਦਾ ਪਰਿਵਾਰ ਹੋਣ ਵਜੋਂ ਪਛਾਣ ਕੀਤੀ ਗਈ ਹੈ, ਇਹ ਉਸ ਇਕ ਵੱਡੇ ਗਰੁੱਪ ਦਾ ਹਿਸਾ ਸਨ ਜਿਹੜ ਦੂਰ ਦੁਰਾਡੇ ਦੇ ਬਰਫ ਨਾਲ ਢੱਕੇ ਖੇਤਾਂ ਰਾਹੀਂ ਤੁਰ ਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਟਰੂਡੋ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਹ ਦਿਮਾਗ ਨੂੰ ਹਲੂਣਾ ਦੇਣ ਵਾਲੀ ਕਹਾਣੀ ਹੈ। ਮਨੁੱਖੀ ਤਸਕਰਾਂ ਤੇ ਜਿਨ੍ਹਾਂ ਨੇ ਉਨ੍ਹਾਂ ਦੀ ਬਿਹਤਰ ਜਿੰਦਗੀ ਦੀ ਇੱਛਾ ਦਾ ਫਾਇਦਾ ਉਠਾਇਆ, ਦੇ ਸ਼ਿਕਾਰ ਪਰਿਵਾਰ ਨੂੰ ਇਸ ਤਰ੍ਹਾਂ ਮਰਦੇ ਦੇਖਣਾ ਬਹੁਤ ਦੁਖਦਾਈ ਹੈ। ਇਸੇ ਕਾਰਨ ਅਸੀਂ ਲੋਕਾਂ ਨੂੰ ਅਨਿਯਮਤ ਜਾਂ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਤੋਂ ਰੋਕਣ ਲਈ ਹਰ ਸੰਭਵ ਯਤਨ ਕਰ ਰਹੇ ਹਾਂ। ਸਾਨੂੰ ਪਤਾ ਹੈ ਕਿ ਅਜਿਹਾ ਕਰਨ ਦੇ ਬਹੁਤ ਵੱਡੇ ਖ਼ਤਰੇ ਹੁੰਦੇ ਹਨ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਅਸਾਧਾਰਨ ਸੀ ਕਿਉਂਕਿ ਗੈਰਕਾਨੂੰਨੀ ਪ੍ਰਵਾਸੀ ਆਮ ਤੌਰ 'ਤੇ ਕੈਨੇਡਾ ਤੋਂ ਅਮਰੀਕਾ ਜਾਣ ਦੀ ਬਜਾਏ ਅਮਰੀਕਾ ਤੋਂ ਕੈਨੇਡਾ ਨੂੰ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਮਰੀਕੀ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਚਾਰ ਵਿਅਕਤੀਆਂ ਦੀ ਮੌਤ ਵੱਡੀ ਮਾਨਵੀ ਤਸਕਰੀ ਨਾਲ ਜੁੜੀ ਹੋਈ ਹੈ। ।2016 ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਪਿੱਛੋਂ ਪੈਦਲ ਸਰਹੱਦ ਪਾਰ ਕਰਕੇ ਕੈਨੇਡਾ ਵਿਚ ਦਾਖਲ ਹੋਣ ਦਾ ਸਿਲਸਿਲਾ ਵਧ ਗਿਆ ਹੈ। ਪੁਲਿਸ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਨਾਕਿਆਂ ਤੋਂ ਬਿਨ੍ਹਾਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨਾ ਜਾਨਲੇਵਾ ਹੋ ਸਕਦਾ ਹੈ।



## ਟਰੂਡੋ ਨੇ ਟਰੱਕ ਡਰਾਈਵਰਾਂ ਦੇ ਕਾਫਲੇ ਦੇ ਸਮਰਥਕ ਕੁਝ ਲੋਕਾਂ ਦੇ ਘਟੀਆ ਵਿਚਾਰਾਂ ਦੀ ਕੀਤੀ ਨਿਖੇਧੀ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੁਝ ਉਨ੍ਹਾਂ ਲੋਕਾਂ ਦੇ ਘਟੀਆ ਵਿਚਾਰਾਂ ਦੀ ਨਿਖੇਧੀ ਕਰ ਰਹੇ ਹਨ ਜਿਹੜੇ ਟਰੱਕ ਡਰਾਈਵਰਾਂ ਦੀ ਕੋਵਿਡ-19 ਟੀਕਾ ਆਦੇਸ਼ਾਂ ਅਤੇ ਦੂਸਰੀਆਂ ਨੀਤੀਆਂ ਖਿਲਾਫ ਪਾਰਲੀਮੈਂਟ ਹਿਲ ਨੂੰ ਆ ਰਹੇ ਕਾਫਲੇ ਦਾ ਸਮਰਥਨ ਕਰ ਰਹੇ ਹਨ ਜਿਨ੍ਹਾਂ ਨੂੰ ਉਹ ਆਪਣੀਆਂ ਆਜ਼ਾਦੀਆਂ ਦੀ ਉਲੰਘਣਾ ਮਹਿਸੂਸ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਝ ਘੱਟਗਿਣਤੀ ਲੋਕ ਜਿਹੜੇ ਓਟਵਾ ਜਾ ਰਹੇ ਹਨ ਅਤੇ ਅਸਵੀਕਾਰਯੋਗ ਵਿਚਾਰਾਂ ਨੂੰ ਰੱਖ ਰਹੇ ਹਨ ਉਹ ਉਨ੍ਹਾਂ ਕੈਨੇਡੀਅਨਾਂ ਦੇ ਵਿਚਾਰਾਂ ਦੀ ਨੁਮਾਇੰਦਗੀ ਨਹੀਂ ਕਰਦੇ ਜਿਹੜੇ ਇਕ ਦੂਸਰੇ ਦੀ ਮਦਦ ਕਰਦੇ ਹਨ ਜਿਨ੍ਹਾਂ ਨੂੰ ਪਤਾ ਹੈ ਕਿ ਵਿਗਿਆਨ ਦੀ ਪਾਲਣਾ ਅਤੇ ਇਕ ਦੂਸਰੇ ਦੇ ਬਚਾਅ ਲਈ ਚੁੱਕੇ ਕਦਮ ਹੀ ਇਕ ਦੇਸ਼ ਦੇ ਤੌਰ 'ਤੇ ਉਨ੍ਹਾਂ ਦੀਆਂ ਆਜ਼ਾਦੀਆਂ, ਉਨ੍ਹਾਂ ਦੇ ਹੱਕਾਂ, ਸਾਡੀਆਂ ਕਦਰਾਂ ਕੀਮਤਾਂ ਨੂੰ ਯਕੀਨੀ ਬਣਾਉਣ ਦਾ ਬਿਹਤਰੀਨ ਤਰੀਕਾ ਹੈ। ਪਾਰਲੀਮੈਂਟ ਹਿਲ ਨੂੰ ਆ ਰਹੇ ਵਿਰੋਧ ਕਾਫਲੇ ਬਾਰੇ ਸਵਾਲਾਂ ਦਾ ਜਵਾਬ ਦਿੰਦਿਆਂ ਟਰੂਡੋ ਨੇ ਕਿਹਾ ਕਿ ਜਿਨ੍ਹਾਂ ਕੈਨੇਡੀਅਨਾਂ ਨੇ ਟੀਕਾਕਰਣ ਕਰਵਾ ਕੇ ਸਹੀ ਗੱਲ ਵੱਲ ਕਦਮ ਵਧਾਇਆ ਹੈ ਉਹ ਹੀ ਕੈਨੇਡੀਅਨਾਂ ਦੀਆਂ ਆਜ਼ਾਦੀਆਂ ਤੇ ਹੱਕਾਂ ਦੀ ਰਾਖੀ ਕਰ ਰਹੇ ਹਨ ਅਤੇ ਇਨ੍ਹਾਂ ਗੱਲਾਂ ਲਈ ਅਸੀਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ। ਉਧਰ ਪੁਲਿਸ ਕਾਫਲੇ ਦੇ ਓਟਵਾ ਪਹੁੰਚਣ ਸਮੇਂ ਸਥਿਤੀ ਨੂੰ ਸੰਭਾਲਣ ਦੀ ਤਿਆਰੀ ਕਰ ਰਹੀ ਹੈ।

## ਰਿਚਮੰਡ ਦੇ ਇਕ ਘਰ ਵਿਚ ਮਿਥ ਕੇ ਕੀਤੀ ਗੋਲੀਬਾਰੀ ਵਿਚ ਮਾਰੇ ਗਏ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਬਰਾਮਦ

ਵੈਨਕੂਵਰ-ਗਾਰਡਨ ਸਿਟੀ ਰੋਡ 'ਤੇ ਵੱਡੇ ਰਿਚਮੰਡ ਡੁਪਲੈਕਸ ਵਿਚ ਕਮਰਿਆਂ ਦੇ ਇਕ ਸੈੱਟ ਦੇ ਅੰਦਰ ਗੋਲੀਆਂ ਲੱਗਣ ਨਾਲ ਮਰੇ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਇਸ ਡੁਪਲੈਕਸ ਵਿਚ ਅਪਰਾਧ ਵਾਲੀ ਥਾਂ 'ਤੇ ਪੁਲਿਸ ਦੀਆਂ ਸਰਗਰਮੀਆਂ ਜਾਰੀ ਰਹੀਆਂ। ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਮੁਤਾਬਿਕ ਮਾਰੇ ਗਏ ਸਾਰੇ ਵਿਅਕਤੀ ਇਕ ਦੂਸਰੇ ਨੂੰ ਜਾਣਦੇ ਸਨ ਅਤੇ ਗੋਲੀਬਾਰੀ ਮਿਥ ਕੇ ਕੀਤੀ ਗਈ ਹੈ ਪਰ ਇਹ ਰੀਜ਼ਨ ਦੀ ਲਗਾਤਾਰ ਚਲ ਰਹੀ ਗੈਂਗ ਵਾਰ ਨਾਲ ਸਬੰਧਤ ਨਹੀਂ। ਟੀਮ ਦੇ ਇਕ ਬੁਲਾਰੇ ਮੁਤਾਬਿਕ ਪੁਲਿਸ ਸ਼ਿਕਾਇਤ ਮਿਲਣ ਪਿੱਛੋਂ ਘਰ ਪੁੱਜੀ। 4500 ਬਲਾਕ ਵਿਚ ਪੈਂਦਾ ਇਹ ਘਰ ਇਸ ਦੇ ਡੁਪਲੈਕਸ ਜ਼ੋਨਿੰਗ ਤੋਂ ਇਲਾਵਾ ਕਿਰਾਏ ਵਾਲੇ ਕਈ ਸੈੱਟਾਂ ਵਿਚ ਵੰਡਿਆ ਹੋਇਆ ਹੈ। ਬੁੱਧਵਾਰ ਪੁਲਿਸ ਅਧਿਕਾਰੀਆਂ ਨੂੰ ਡੁਪਲੈਕਸ ਦੇ ਸਾਹਮਣੇ ਤੇ ਪਿਛਲੇ ਪਾਸੇ ਘੁੰਮਦੇ ਦੇਖਿਆ ਜਾ ਸਕਦਾ ਸੀ। ਪੁਲਿਸ ਦਾ ਇਕ ਕੁੱਤਾ ਵੀ ਸਾਹਮਣੇ ਘਾਹ ਵਿਚ ਸਬੂਤ ਖੋਜ ਰਿਹਾ ਸੀ। ਪੁਲਿਸ ਨੇ ਨਿਊਜ਼ ਰਿਲੀਜ਼ ਵਿਚ ਮ੍ਰਿਤਕਾਂ ਦੀ ਪਛਾਣ ਨਹੀਂ ਦੱਸੀ ਪਰ ਉਨ੍ਹਾਂ ਦਾ ਮੰਨਣਾ ਕਿ ਉਹ ਇਕ ਦੂਸਰੇ ਨੂੰ ਜਾਣਦੇ ਸਨ। ਹੋਮੀਸਾਈਡ ਟੀਮ ਜਾਂਚ ਕਰ ਰਹੀ ਹੈ। ਗੋਲੀਬਾਰੀ ਦੀ ਘਟਨਾ ਸੋਮਵਾਰ ਸ਼ਾਮ 7 ਵਜੇ ਵਾਪਰੀ ਲਗਦੀ ਹੈ ਅਤੇ ਪੁਲਿਸ ਚਸ਼ਮਦੀਦਾਂ ਨੂੰ ਵੀ ਮਦਦ ਦੀ ਅਪੀਲ ਕਰ ਰਹੀ ਹੈ।



*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 29 ਜਨਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਮਰੀਜ਼ ਦੀ ਇਲਾਜ ਦੀ ਉਡੀਕ ਕਰਦਿਆਂ ਮੌਤ

ਐਡਮਿੰਟਨ-ਅਲਬਰਟਾ ਹੈਲਥ ਸੇਵਾਵਾਂ ਦਾ ਕਹਿਣਾ ਕਿ ਰੈੱਡ ਡੀਅਰ ਹਸਪਤਾਲ ਵਿਚ ਇਕ ਮਰੀਜ਼ ਦੀ ਐਮਰਜੈਂਸੀ ਵਾਰਡ ਵਿਚ ਇਲਾਜ ਦੀ ਉਡੀਕ ਕਰਦਿਆਂ ਮੌਤ ਹੋ ਗਈ। ਏਐਚਐਸ ਦੇ ਬੁਲਾਰੇ ਕੇਰੀ ਵਿਲੀਅਮਸਨ ਨੇ ਇਕ ਬਿਆਨ ਵਿਚ ਕਿਹਾ ਕਿ ਮਰੀਜ਼ ਨੂੰ ਪਹਿਲ ਦਿੱਤੀ ਗਈ ਸੀ ਅਤੇ ਬਾਅਦ ਵਿਚ ਐਮਰਜੈਂਸੀ ਡਿਪਾਰਟਮੈਂਟ ਸਟਾਫ ਨੇ ਫਿਰ ਤੋਂ ਮੁਲਾਂਕਣ ਕੀਤਾ ਅਤੇ ਐਮਰਜੈਂਸੀ ਡਿਪਾਰਟਮੈਂਟ ਵਿਚ ਅਗਲੀ ਦੇਖਭਾਲ ਦੀ ਉਡੀਕ ਕਰ ਰਿਹਾ ਸੀ। ਉਸ ਸਮੇਂ ਐਮਰਜੈਂਸੀ ਡਿਪਾਰਟਮੈਂਟ ਵਿਚ ਸਟਾਫ ਪੂਰਾ ਸੀ। ਵਿਲੀਅਮਸਨ ਨੇ ਐਤਵਾਰ ਸਵੇਰੇ ਰੈੱਡ ਡੀਅਰ ਰੀਜਨਲ ਹਸਪਤਾਲ ਸੈਂਟਰ ਵਿਖੇ ਬਿਮਾਰੀ ਦੀ ਪ੍ਰਕਿਰਤੀ ਜਾਂ ਮੌਤ ਦੇ ਹਾਲਾਤ ਬਾਰੇ ਹੋਰ ਵੇਰਵੇ ਮੁਹੱਈਆ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਮੈਡੀਕਲ ਜਾਂਚ ਅਧਿਕਾਰੀ ਨੂੰ ਬੁਲਾਇਆ ਗਿਆ ਹੈ ਅਤੇ ਸਮੀਖਿਆ ਕੀਤੀ ਜਾ ਰਹੀ ਹੈ।



ਵਿਲੀਅਮਸਨ ਨੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਵੀਕਐਂਡ ਵਿਚ ਕਈ ਵਾਰ ਜ਼ਿਆਦਾ ਮਰੀਜ਼ ਹੋਣ ਕਰਕੇ ਹਸਪਤਾਲ ਵਿਚ ਜ਼ਿਆਦਾ ਸਮਾਂ ਉਡੀਕ ਕਰਨੀ ਪੈਂਦੀ ਹੈ। ਸਾਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਇਹ ਘਟਨਾ ਉਡੀਕ ਸਮੇਂ ਦਾ ਨਤੀਜਾ ਹੈ। ਏਐਚਐਸ ਇਸ ਘਟਨਾ ਦੀ ਸਮੀਖਿਆ ਕਰ ਰਿਹਾ ਹੈ ਜਿਸ ਵਿਚ ਇਸ ਮਰੀਜ਼ ਨੂੰ ਮੁਹੱਈਆ ਕੀਤੀ ਦੇਖਭਾਲ ਅਤੇ ਉਸ ਦੀ ਮੌਤ ਦੇ ਹਾਲਾਤ ਸ਼ਾਮਿਲ ਹਨ। ਸਿਹਤ ਮੰਤਰੀ ਜੈਸਨ ਕੋਪਿੰਗ ਨੂੰ ਮੌਤ ਬਾਰੇ ਪੱਤਰਕਾਰਾਂ ਵਲੋਂ ਪੁੱਛੇ ਜਾਣ 'ਤੇ ਕਿਹਾ ਕਿ ਉਨ੍ਹਾਂ ਦਾ ਦਿਲ ਪਰਿਵਾਰ ਤੇ ਉਸ ਕਿਸੇ ਵਿਅਕਤੀ ਲਈ ਦੁਖੀ ਹੁੰਦਾ ਹੈ ਜਿਹੜਾ ਸਾਡੇ ਸਿਸਟਮ ਵਿਚ ਮਰ ਜਾਂਦਾ ਹੈ। ਉਸ ਨੇ ਇਸ ਬਾਰੇ ਸਾਰੇ ਵੇਰਵਿਆਂ ਦੀ ਜਾਣਕਾਰੀ ਨਹੀਂ। ਉਸ ਨੇ ਇਸ ਬਾਰੇ ਸਿਰਫ ਸੁਣਿਆਂ ਹੈ। ਅਲਬਰਟਾ ਵਿਚ ਕੋਵਿਡ-19 ਵਾਲੇ ਰਿਕਾਰਡ 1377 ਵਿਅਕਤੀ ਹਸਪਤਾਲਾਂ ਵਿਚ ਦਾਖਲ ਹਨ।

## ਮੈਨੀਟੋਬਾ ਵਿਚ ਕੋਵਿਡ-19 ਨਾਲ ਤਿੰਨ ਹੋਰ ਮੌਤਾਂ ਪਰ ਹਸਪਤਾਲ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਸਥਿਰ

ਵਿਨੀਪੈਗ-ਮਨੀਟੋਬਾ ਵਿਚ ਕੋਵਿਡ-19 ਨਾਲ ਸਬੰਧਤ ਤਿੰਨ ਹੋਰ ਮੌਤਾਂ ਹੋਣ ਦੀ ਰਿਪੋਰਟ ਮਿਲੀ ਹੈ। ਸੂਬੇ ਦੇ ਚੋਟੀ ਦੇ ਡਾਕਟਰ ਨੇ ਦੱਸਿਆ ਕਿ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਦਰ ਉਚੀ ਬਣੀ ਹੋਈ ਹੈ ਪਰ ਸਥਿਰ ਹੈ। ਇਹ ਕਹਿਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ ਕਿ ਮਹਾਂਮਾਰੀ ਦੀ ਮੌਜੂਦਾ ਵੇਵ ਵਿਚ ਸੂਬਾ ਕਿਥੇ ਖੜਾ ਹੈ। ਸੂਬੇ ਵਿਚ ਬੁੱਧਵਾਰ 720 ਵਿਅਕਤੀ ਕੋਵਿਡ-19 ਕਾਰਨ ਹਸਪਤਾਲਾਂ ਵਿਚ ਦਾਖਲ ਸਨ ਪਰ ਇਹ ਗਿਣਤੀ ਮੰਗਲਵਾਰ ਦਾਖਲ 729 ਮਰੀਜ਼ਾਂ ਨਾਲੋਂ ਘੱਟ ਹੈ। ਸੂਬੇ ਵਿਚ ਹਸਪਤਾਲਾਂ ਵਿਚ ਦਾਖਲ ਕੁਲ ਮਰੀਜ਼ਾਂ ਵਿਚੋਂ 655 ਐਕਟਿਵ ਮਾਮਲਿਆਂ ਵਾਲੇ ਹਨ। 49 ਮਰੀਜ਼ ਆਈਸੀਯੂ ਵਿਚ ਦਾਖਲ ਹਨ। ਡਾ. ਬਰੇਂਟ ਰਾਉਸਿਨ ਆਖਦੇ ਹਨ ਕਿ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਜ਼ਿਆਦਾ ਹੈ ਪਰ ਸਥਿਰ ਹੈ। ਸੂਬੇ ਵਿਚ ਹੁਣ ਤਕ ਯੋਗ 85.5 ਫ਼ੀਸਦੀ ਲੋਕਾਂ ਨੂੰ ਕੋਵਿਡ-19 ਦਾ ਇਕ ਟੀਕਾ, 79 ਫ਼ੀਸਦੀ ਲੋਕਾਂ ਨੂੰ ਦੋਵੇਂ ਟੀਕੇ ਅਤੇ 39 ਫ਼ੀਸਦੀ ਨੂੰ ਤੀਸਰਾ ਟੀਕਾ ਲੱਗ ਚੁੱਕਾ ਹੈ। ਪੰਜ ਤੋਂ 11 ਸਾਲ ਦੇ ਬੱਚਿਆਂ ਦਾ ਗਰੁੱਪ ਟੀਕਾਕਰਣ ਦੇ ਮਾਮਲੇ ਵਿਚ ਸੂਬਾ ਥੋੜਾ ਪਿੱਛੇ ਚਲ ਰਿਹਾ ਹੈ ਅਤੇ ਉਨ੍ਹਾਂ ਨੇ ਆਪਣੀ ਦੂਸਰੀ ਖੁਰਾਕ ਅਜੇ ਲੈਣੀ ਸ਼ੁਰੂ ਕੀਤੀ ਹੈ।

## ਕੈਨੇਡਾ ਨਵੇਂ ਆਏ ਵਿਅਕਤੀ 'ਤੇ ਬਿਨ੍ਹਾਂ ਕਿਸੇ ਕਾਰਨ ਚਾਕੂ ਨਾਲ ਹਮਲਾ-ਮਸਾਂ ਬਚਿਆ

ਵੈਨਕੂਵਰ-ਕੈਨੇਡਾ ਵਿਚ ਹਾਲ ਹੀ ਵਿਚ ਆਇਆ ਇਕ ਵਿਅਕਤੀ ਡਾਊਨਟਾਊਨ ਵੈਨਕੂਵਰ ਟਿਮ ਹੋਰਟਨਸ ਵਿਖੇ ਕਤਾਰ ਵਿਚ ਉਡੀਕ ਕਰਦੇ ਸਮੇਂ ਇਕ ਅਜਨਬੀ ਵਲੋਂ ਉਸ ਦੀ ਪਿਠ 'ਤੇ ਚਾਕੂ ਨਾਲ ਕੀਤੇ ਕਈ ਵਾਰ ਵਿਚ ਮਸਾਂ ਬਚਿਆ ਹੈ। 25 ਸਾਲਾ ਨੌਜਵਾਨ ਸਨਿਚਰਵਾਰ ਸਵੇਰੇ 6,25 ਵਜੇ ਹਾਰਬਰ ਸੈਂਟਰ ਦੇ ਅੰਦਰ ਕੌਫੀ ਸ਼ਾਪ ਵਿਖੇ ਆਰਡਰ ਦੀ ਉਡੀਕ ਕਰ ਰਿਹਾ ਸੀ ਜਦੋਂ ਇਕ ਸ਼ੱਕੀ ਨੇ ਉਸ ਦੀ ਪਿੱਠ ਤੇ ਮੋਢੇ 'ਤੇ ਚਾਕੂ ਦੇ ਕਈ ਵਾਰ ਕੀਤੇ ਅਤੇ ਫਿਰ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੇ ਦੱਸਿਆ ਕਿ ਇਹ ਹਮਲਾ ਬਿਨ੍ਹਾਂ ਕਿਸੇ ਕਾਰਨ ਕੀਤਾ ਗਿਆ ਅਤੇ ਨੌਜਵਾਨ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਸ ਦੇ ਬਚ ਜਾਣ ਦੀ ਆਸ ਹੈ। ਪੁਲਿਸ ਨੇ ਪ੍ਰੇਸ਼ਾਨ ਕਰਨ ਵਾਲੀ ਇਸ ਘਟਨਾ ਦਾ ਵੀਡੀਓ ਜਾਰੀ ਕੀਤਾ ਹੈ। ਵੀਪੀਡੀ ਸਾਰਜੈਂਟ ਸਟੀਵ ਐਡੀਸਨ ਨੇ ਕਿਹਾ ਕਿ ਇਹ ਹਮਲਾ ਬਿਨ੍ਹਾਂ ਕਿਸੇ ਚਿਤਾਵਨੀ ਤੇ ਅਚਨਚੇਤ ਬਿਨ੍ਹਾਂ ਕਿਸੇ ਕਾਰਨ ਕੀਤਾ ਗਿਆ ਹੈ ਜਿਸ ਕਾਰਨ ਉਹ ਜਨਤਕ ਸੁਰੱਖਿਆ ਬਾਰੇ ਚਿੰਤਤ ਹਾਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਸ਼ੱਕੀ ਨੂੰ ਕੋਈ ਵਿਅਕਤੀ ਪਛਾਣਦਾ ਹੋਵੇ ਤਾਂ ਉਹ ਪੁਲਿਸ ਨੂੰ ਜਾਣਕਾਰੀ ਦੇਵੇ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes


HUGHES & COMPANY
LAW CORPORATION
www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**



**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MES MEDALLION CLUB MEMBER
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਫਲੋਰੀਡਾ ਦੇ 47 ਸਾਲਾ ਵਿਅਕਤੀ 'ਤੇ ਮਨੁੱਖੀ ਤਸਕਰੀ ਦੇ ਦੋਸ਼

ਕੈਨੇਡਾ-ਅਮਰੀਕਾ ਦੀ ਸਰਹੱਦ ਮਨੀਟੋਬਾ ਦੇ ਖੇਤ ਵਿਚ ਇਕ ਬੱਚੇ ਸਮੇਤ ਚਾਰ ਵਿਅਕਤੀਆਂ ਜਿਨ੍ਹਾਂ ਦੀ ਜਮਾ ਦੇਣ ਵਾਲੀ ਠੰਢ ਕਾਰਨ ਮੌਤ ਹੋ ਗਈ ਦੀਆਂ ਲਾਸ਼ਾਂ ਮਿਲਣ ਪਿੱਛੋਂ ਫਲੋਰੀਡਾ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਮਨੁੱਖੀ ਸਮੱਗਲਿੰਗ ਦੇ ਦੋਸ਼ ਲਗਾਏ ਗਏ ਹਨ। ਡਿਸਟ੍ਰਿਕਟ ਮਿਨੇਸੋਟਾ ਦੇ ਅਮਰੀਕੀ ਅਟਾਰਨੀ ਦਫ਼ਤਰ ਨੇ ਕਿਹਾ ਕਿ ਅਮਰੀਕਾ ਵਿਚ 7 ਭਾਰਤੀ ਵਿਅਕਤੀਆਂ ਦੇ ਮਿਲਣ ਅਤੇ ਲਾਸ਼ਾਂ ਮਿਲਣ ਪਿੱਛੋਂ 47 ਸਾਲਾ ਸਟੀਵ ਸ਼ੈਂਡ 'ਤੇ ਮਨੁੱਖੀ ਤਸਕਰੀ ਦਾ ਦੋਸ਼ ਲਗਾਇਆ ਹੈ। ਸ਼ੈਂਡ ਦੀ ਗ੍ਰਿਫ਼ਤਾਰੀ ਦੇ ਸਮਰਥਨ ਵਿਚ ਦਾਇਰ ਅਦਾਲਤੀ ਦਸਤਾਵੇਜ਼ਾਂ ਵਿਚ ਦੋਸ਼ ਲਗਾਇਆ ਕਿ ਲੋਕਾਂ ਵਿਚ ਇਕ ਨੇ ਜਾਅਲੀ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਆਉਣ ਲਈ ਕਾਫੀ ਪੈਸੇ ਖਰਚ ਕੀਤੇ ਸਨ। ਦਸਤਾਵੇਜ਼ਾਂ ਮੁਤਾਬਿਕ ਨੌਰਥ ਡਕੋਟਾ ਵਿਚ ਅਮਰੀਕੀ ਸਰਹੱਦ ਪੈਟਰੋਲ ਨੇ ਸਰਹੱਦ ਦੇ ਦੱਖਣ ਵਿਚ ਇਕ ਯਾਤਰੀ ਵੈਨ ਨੂੰ ਰੋਕਿਆ ਜਿਸ ਨੂੰ ਸ਼ੈਂਡ ਚਲਾ ਰਿਹਾ ਸੀ ਅਤੇ ਉਸ ਵੈਨ ਵਿਚੋਂ ਬਿਨ੍ਹਾਂ ਦਸਤਾਵੇਜ਼ ਦੋ ਭਾਰਤੀ ਨਾਗਰਿਕ ਮਿਲੇ। ਉਸੇ ਸਮੇਂ ਲਾਅ ਇਨਫੋਰਸਮੈਂਟ ਨੇ ਪੰਜ ਹੋਰ ਵਿਅਕਤੀਆਂ ਨੂੰ ਨੇੜੇ ਬਰਫ ਵਿਚ ਦੇਖਿਆ। ਗਰੁੱਪ ਦੇ ਮੈਂਬਰਾਂ ਜਿਹੜੇ ਭਾਰਤੀ ਨਾਗਰਿਕ ਸਨ ਨੇ ਅਫਸਰਾਂ ਨੂੰ ਦੱਸਿਆ ਕਿ ਉਹ ਫਰੀਜ ਕਰਨ ਵਾਲੀ ਠੰਢ ਵਿਚ 11 ਘੰਟੇ ਤੁਰ ਕੇ ਆਏ ਹਨ। ਇਕ ਔਰਤ ਨੂੰ ਤਾਂ ਹਸਪਤਾਲ ਦਾਖਲ ਕਰਵਾਇਆ ਗਿਆ ਜਿਸ ਦਾ ਕਈ ਵਾਰ ਸਾਹ ਰੁਕਿਆ। ਦਸਤਾਵੇਜ਼ ਮੁਤਾਬਿਕ ਉਸ ਦੇ ਹੱਥ ਦਾ ਕੁਝ ਹਿੱਸਾ ਬਰਫ ਲੱਗਣ ਕਾਰਨ ਕੱਟਣਾ ਪਵੇਗਾ। ਗਰੁੱਪ ਦੇ ਇਕ ਵਿਅਕਤੀ ਦੇ ਬੈਕਪੈਕ ਵਿਚ ਬੱਚਿਆਂ ਦਾ ਸਮਾਨ ਸੀ। ਉਸ ਨੇ ਦੱਸਿਆ ਕਿ ਇਹ ਸਮਾਨ ਇਕ ਪਰਿਵਾਰ ਦਾ ਹੈ ਜਿਹੜਾ ਉਨ੍ਹਾਂ ਨਾਲੋਂ ਬੀਤੀ ਰਾਤ ਵੱਖ ਹੋ ਗਿਆ ਸੀ। ਇਸ ਪਰਿਵਾਰ ਬਾਰੇ ਜਾਣਕਾਰੀ ਮਿਲਣ ਪਿੱਛੋਂ ਅਮਰੀਕੀ ਤੇ ਕੈਨੇਡੀਅਨ ਅਧਿਕਾਰੀਆਂ ਨੇ ਇਸ ਪਰਿਵਾਰ ਦੀ ਭਾਲ ਸ਼ੁਰੂ ਕੀਤੀ ਤਾਂ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ। ਗੈਰਕਾਨੂੰਨੀ ਪ੍ਰਵਾਸੀਆਂ ਦੇ ਇਕ ਗਰੁੱਪ ਨਾਲ ਜਦੋਂ ਮੌਤ ਦਾ ਸ਼ਿਕਾਰ ਹੋਇਆ ਇਹ ਪਰਿਵਾਰ ਵਿਛੜਿਆ ਤਾਂ ਉਸ ਸਮੇਂ ਉਸ ਖੇਤਰ ਵਿਚ ਮਨਫੀ 35 ਡਿਗਰੀ ਸੈਲਸੀਅਸ ਤਾਪਮਾਨ ਸੀ।

# ਮਸਜਿਦ ਨੇੜੇ ਮੁਸਲਿਮ ਔਰਤ 'ਤੇ ਕਥਿਤ ਹਮਲੇ ਪਿੱਛੋਂ ਵਿਅਕਤੀ 'ਤੇ ਦੋਸ਼ ਆਇਦ

ਐਡਮਿੰਟਨ-ਇਕ ਮਸਜਿਦ ਨੇੜੇ ਮੁਸਲਿਮ ਔਰਤ 'ਤੇ ਕਥਿਤ ਹਮਲੇ ਪਿੱਛੋਂ ਇਕ ਵਿਅਕਤੀ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿਚ ਇਸ ਸ਼ਹਿਰ ਵਿਚ ਇਸ ਤਰ੍ਹਾਂ ਦੇ ਕਈ ਹਮਲੇ ਹੋਏ ਹਨ। ਐਡਮਿੰਟਨ ਪੁਲਿਸ ਦਾ ਕਹਿਣਾ ਕਿ 34 ਸਾਲਾ ਜੇਫਰੀ ਹਿਲ 'ਤੇ ਸ਼ਰਾਰਤ ਕਰਨ ਤੇ ਧਮਕੀਆਂ ਦੇਣ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਜਾਂਚ ਅਧਿਕਾਰੀਆਂ ਨੇ ਇਸ ਗੱਲ ਦੀ ਵੀ ਸਿਫਾਰਸ਼ ਕੀਤੀ ਹੈ ਕਿ ਕ੍ਰਿਮੀਨਲ ਕੋਡ ਆਫ ਕੈਨੇਡਾ ਦੀ ਧਾਰਾ 718.2 ਵੀ ਇਸ ਕੇਸ ਵਿਚ ਲਾਗੂ ਕੀਤੀ ਜਾਵੇ ਜਿਸ ਤਹਿਤ ਅਦਾਲਤਾਂ ਸਜ਼ਾ ਵਧਾਉਣ 'ਤੇ ਵਿਚਾਰ ਕਰ ਸਕਦੀਆਂ ਜਦੋਂ ਇਹ ਸਬੂਤ ਹੋਣ ਕਿ ਅਪਰਾਧ ਨਫਰਤ ਤੋਂ ਪ੍ਰੇਰਿਤ ਸੀ। ਐਡਮਿੰਟਨ ਪੁਲਿਸ ਸਰਵਿਸ ਆਪਣੇ ਕਰਾਈਮ ਤੇ ਟਰੌਮਾ ਇਨਫਾਰਮਡ ਸਹਾਇਤਾ ਸੇਵਾਵਾਂ ਰਾਹੀਂ ਪਰਿਵਾਰ ਨੂੰ ਲਗਾਤਾਰ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਕ ਬਿਆਨ ਵਿਚ ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮ ਨੇ ਕਿਹਾ ਕਿ ਉਹ ਹਮਲੇ ਤੋਂ ਬਹੁਤ ਦੁਖੀ ਹੈ ਅਤੇ ਅਲਬਰਟਾ ਵਿਚ ਇਸਲਾਮਿਕ ਫੋਬੀਆ ਵਾਲੇ ਹਮਲੇ ਚਿੰਤਾਜਨਕ ਗਿਣਤੀ ਨਾਲ ਵਧ ਰਹੇ ਹਨ। ਪਿਛਲੇ ਦੋ ਸਾਲਾਂ ਵਿਚ ਐਡਮਿੰਟਨ ਵਿਚ ਹੋਏ ਹੋਰ ਹਮਲਿਆਂ ਵਿਚ ਮਾਲ ਪਾਰਕਿੰਗ ਵਿਚ ਇਕ ਮਾਂ ਤੇ ਧੀ 'ਤੇ ਕੀਤਾ ਗਿਆ ਭਿਆਨਕ ਹਮਲਾ ਜਿਸ ਵਿਚ ਇਕ ਆਦਮੀ ਨੇ ਔਰਤ ਦਾ ਬੁਰਕਾ ਪਾੜਨ ਤੇ ਉਸ ਨੂੰ ਮਾਰ ਦੇਣ ਦੀ ਧਮਕੀ ਦਿੱਤੀ ਗਈ ਸੀ ਅਤੇ ਚਾਕੂ ਨਾਲ ਲੈਸ ਇਕ ਨਕਾਬਪੋਸ਼ ਵਲੋਂ ਹਿਜਾਬ ਪਹਿਨੀ 20 ਦੇ ਦਹਾਕੇ ਦੀਆਂ ਦੋ ਭੈਣਾਂ 'ਤੇ ਕੀਤਾ ਹਮਲਾ ਸ਼ਾਮਿਲ ਹੈ।






## ਇਕ ਵਿਅਕਤੀ 'ਤੇ ਮੈਟਰੋਟਾਊਨ ਮਾਲ ਵਿਚ ਪ੍ਰੇਮਿਕਾ ਦੀ ਚਾਕੂ ਮਾਰ ਕੇ ਹੱਤਿਆ ਕਰਨ ਦਾ ਦੋਸ਼ ਆਇਦ

ਵੈਨਕੂਵਰ-31 ਸਾਲਾ ਐਵਨਟਨ ਡਾਉਨੇ 'ਤੇ ਪਿਛਲੇ ਸਾਲ 19 ਅਕਤੂਬਰ ਨੂੰ ਬਰਨਬੀ ਵਿਚ ਮੈਟਰੋਟਾਊਨ ਮਾਲ ਵਿਖੇ 25 ਸਾਲਾ ਮੇਲੀਸਾ ਬਲਿਮਕੀ ਦੇ ਚਾਕੂ ਮਾਰ ਕੇ ਕਤਲ ਕਰਨ ਲਈ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਇਕ ਵੱਖਰੇ ਬਿਆਨ ਵਿਚ ਇੰਟੀਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਬੁਲਾਰੇ ਸਾਰਜੈਂਟ ਡੇਵਿਡ ਲੀ ਨੇ ਕਿਹਾ ਕਿ ਐਵਰਟਨ ਡਾਉਨੇ 'ਤੇ ਮੰਗਲਵਾਰ ਦੋਸ਼ ਆਇਦ ਕੀਤਾ ਗਿਆ ਅਤੇ ਉਹ ਹਿਰਾਸਤ ਵਿਚ ਹੈ। ਲੀ ਨੇ ਦੱਸਿਆ ਕਿ ਕਤਲ ਤੋਂ ਕੁਝ ਸਮਾਂ ਪਹਿਲਾਂ ਡਾਉਨੇ ਤੇ ਬਲਿਮਕੀ ਰਿਸ਼ਤੇ ਵਿਚ ਸਨ।

## ਮਨੁੱਖੀ ਤਸਕਰੀ ਦਾ ਦੋਸ਼ੀ ਕੇਸ ਚੱਲਣ ਤੱਕ ਰਿਹਾਅ ਕੀਤਾ

ਫਾਰਗੋ (ਨੌਰਥ ਡਕੋਟਾ)-ਫਲੋਰੀਡਾ ਦੇ ਵਿਅਕਤੀ ਜਿਸ 'ਤੇ ਮਨੁੱਖੀ ਸਮੱਗਲਿੰਗ ਸਕੀਮ ਜਿਹੜੀ ਕੈਨੇਡੀਅਨ-ਅਮਰੀਕੀ ਸਰਹੱਦ 'ਤੇ ਜਾਨਲੇਵਾ ਬਣ ਗਈ ਵਿਚ ਉਸ ਦੀ ਭੂਮਿਕਾ ਲਈ ਦੋਸ਼ ਲਗਾਇਆ ਗਿਆ ਸੀ ਨੂੰ ਕੇਸ ਸ਼ੁਰੂ ਹੋਣ ਤਕ ਘਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਹਿਲਡੀ ਬੋਅਬੀਅਰ 47 ਸਾਲਾ ਸਟੀਵ ਸ਼ੈਂਡ ਨੂੰ ਨੌਰਥ ਡਕੋਟਾ ਨਜ਼ਰਬੰਦੀ ਸੈਂਟਰ ਤੋਂ ਰਿਹਾਅ ਕਰਨ ਲਈ ਸਹਿਮਤ ਹੋ ਗਿਆ ਹੈ। ਉਹ ਪਿਛਲੇ ਹਫਤੇ ਇਕ ਕਿਰਾਏ ਦੀ ਯਾਤਰੀ ਵੈਨ ਚਲਾਉਂਦੇ ਸਮੇ ਗ੍ਰਿਫ਼ਤਾਰ ਕੀਤੇ ਜਾਣ ਪਿੱਛੋਂ ਮਨੁੱਖੀ ਸਮੱਗਲਿੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਉਹ ਥਾਂ ਹੈ ਜਿਸ ਦੇ ਨੇੜੇ ਇਕ ਪਰਿਵਾਰ ਦੇ ਚਾਰ ਜੀਅ ਕੈਨੇਡਾ ਵਾਲੇ ਪਾਸੇ ਜਮਾ ਦੇਣ ਵਾਲੀ ਠੰਢ ਨਾਲ ਮਰ ਗਏ ਸਨ। ਸ਼ੈਂਡ ਨੂੰ ਪੇਸ਼ੀ ਬਾਂਡ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਜਿਸ ਦਾ ਮਤਲਬ ਉਸ ਨੂੰ ਰਿਹਾਈ ਦੀਆਂ ਕਈ ਸ਼ਰਤਾਂ ਦੀ ਪਾਲਣਾ ਕਰਨੀ ਪਵੇਗੀ ਅਤੇ ਉਸ ਨੂੰ ਅਦਾਲਤ ਵਿਚ ਨਿੱਜੀ ਪੇਸ਼ੀ ਲਈ ਮਿਨੇਸੋਟਾ ਵਾਪਸ ਜਾਣਾ ਪਵੇਗਾ।

## ਪੰਜਾਬ ਪੁਲਿਸ ਦਾ ਖੁਫੀਆ ਵਿੰਗ ਪ੍ਰਾਈਵੇਟ ਕੰਪਨੀ ਹਵਾਲੇ ਕੀਤਾ-ਅਕਾਲੀ ਦਲ ਦਾ ਦੋਸ਼

ਚੰਡੀਗੜ੍ਹ-ਇੱਥੇ ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਸੱਤਾਧਾਰੀ ਪਾਰਟੀ ਨੇ ਪੰਜਾਬ ਪੁਲੀਸ ਦੇ ਖ਼ੁਫ਼ੀਆ ਵਿੰਗ ਨੂੰ ਇਕ ਪ੍ਰਾਈਵੇਟ ਕੰਪਨੀ ਦੇ ਹਵਾਲੇ ਕੀਤਾ ਹੈ। ਪਾਰਟੀ ਦੇ ਬੁਲਾਰੇ ਹਰਚਰਨ ਸਿੰਘ ਬੈਂਸ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਇਸ ਮਾਮਲੇ ਦੀ ਨਿਆਂਇਕ ਜਾਂਚ ਮੰਗੀ ਹੈ। ਸ੍ਰੀ ਬੈਂਸ ਨੇ ਸੂਬੇ ਦੇ ਖ਼ੁਫ਼ੀਆ ਵਿੰਗ ਦੀ ਇਕ ਨਿੱਜੀ ਕੰਪਨੀ ਮੂਵਡੈਕ ਪੋਲੀਟਿਕੋ ਵੱਲੋਂ ਦੁਰਵਰਤੋਂ ਕਰਨ ਸਬੰਧੀ ਸਾਰੇ ਦਸਤਾਵੇਜ਼ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸੂਬੇ ਦੇ ਉੱਚ ਪੁਲੀਸ ਅਫਸਰਾਂ ਨੂੰ ਖ਼ੁਫ਼ੀਆ ਜਾਣਕਾਰੀ ਇਕੱਤਰ ਕਰਨ ਲਈ ਨਿੱਜੀ ਕੰਪਨੀ ਨਾਲ ਰਲ ਕੇ ਕੰਮ ਕਰਨ ਦੀ ਹਦਾਇਤ ਕੀਤੀ ਗਈ। ਸ੍ਰੀ ਬੈਂਸ ਨੇ ਕਿਹਾ ਕਿ ਪਾਰਟੀ ਮੰਗ ਕਰਦੀ ਹੈ ਕਿ ਇਸ ਮਾਮਲੇ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਈ ਜਾਵੇ।

TRANSource FREIGHTWAYS

Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com

ਪੰਜਾਬ ਚੋਣਾਂ : ਵਿਧਾਨ ਸਭਾ ਹਲਕਾ ਰਾਏਕੋਟ

## ਰਾਜਨੀਤੀ 'ਚ ਨਵੀਆਂ ਪੈੜਾਂ ਪਾਉਣ ਦੇ ਚਾਹਵਾਨ

# ਨੌਜਵਾਨ ਕਾਂਗਰਸੀ ਉਮੀਦਵਾਰ ਕਾਮਿਲ ਅਮਰ ਸਿੰਘ

ਰਾਏਕੋਟ (ਲੁਧਿਆਣਾ)-ਵਿਧਾਨ ਸਭਾ ਹਲਕਾ ਰਾਏਕੋਟ ਤੋ ਕਾਂਗਰਸ ਨੇ ਉਚ ਵਿਦਿਆ ਪ੍ਰਾਪਤ 34 ਸਾਲਾ ਨੌਜਵਾਨ ਕਾਮਿਲ ਅਮਰ ਸਿੰਘ ਨੂੰ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਹੈ। ਫਤਿਹਗੜ੍ਹ ਸਾਹਿਬ ਤੋਂ ਪਾਰਟੀ ਦੇ ਐਮ ਪੀ ਡਾ. ਅਮਰ ਸਿੰਘ ਦੇ ਪੁੱਤਰ ਕਾਮਿਲ ਅਮਰ ਸਿੰਘ ਜੋ ਸੇਂਟ ਸਟੀਫਨ ਕਾਲਜ ਨਵੀ ਦਿੱਲੀ ਤੋ ਗਰੇਜੂਏਸ਼ਨ ਉਪਰੰਤ ਕੈਂਬਰਜਿ ਯੂਨੀਵਰਸਿਟੀ ਇੰਗਲੈਂਡ ਤੋ ਐਮ ਬੀ ਏ ਦੀ ਉਚ ਵਿਦਿਆ ਪ੍ਰਾਪਤ ਹਨ, ਨੇ ਆਪਣੀ ਪੜਾਈ ਮੁਤਾਬਿਕ ਕੋਈ ਵੱਡੀ ਨੌਕਰੀ ਕਰਨ ਦੀ ਬਿਜਾਏ ਲੋਕ ਸੇਵਾ ਲਈ ਸਿਆਸਤ ਨੂੰ ਤਰਜੀਹ ਦਿੱਤੀ ਹੈ। 'ਪੰਜਾਬ ਲਿੰਕ' ਦੇ ਪ੍ਰਤੀਨਿਧ ਨਾਲ ਇਕ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹ ਆਪਣੀ ਉਚ ਵਿਦਿਆ ਤੇ ਗਿਆਨ ਨੂੰ ਆਪਣੇ ਲੋਕਾਂ ਦੀ ਭਲਾਈ ਲਈ ਲਗਾਉਣਾ ਚਾਹੁੰਦੇ ਹਨ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਅਤੇ ਆਪਣੇ ਪਿਤਾ ਡਾ ਅਮਰ ਸਿੰਘ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਹੋਏ, ਉਹਨਾਂ ਨੇ ਸਰਗਰਮ ਰਾਜਨੀਤੀ ਵਿਚ ਪ੍ਰਵੇਸ਼ ਦੀ ਚੋਣ ਕੀਤੀ ਹੈ। ਉਹ ਦੱਸਦੇ ਹਨ ਕਿ ਉਹਨਾਂ ਦਾ ਮੁੱਖ ਮਕਸਦ ਹਲਕੇ ਦੇ ਸਰਬਪੱਖੀ ਵਿਕਾਸ ਦੇ ਨਾਲ ਸਿਹਤ, ਸਿੱਖਿਆ ਤੇ ਰੋਜ਼ਗਾਰ ਵਸੀਲਿਆਂ ਦਾ ਵਿਸਥਾਰ ਕਰਨਾ ਤੇ ਲੋਕਾਂ ਤੱਕ ਇਹਨਾਂ ਵਸੀਲਿਆਂ ਤੱਕ ਸੌਖਾਲੀ ਪਹੁੰਚ ਬਣਾਉਣਾ ਹੈ। ਉਹਨਾਂ ਨੇ ਡਾ. ਅਮਰ ਸਿੰਘ ਐਮ ਪੀ ਦੇ ਨਾਲ ਸਹਿਯੋਗੀ ਵਜੋ ਰਾਏਕੋਟ ਹਲਕੇ ਵਿਚ ਪਿਛਲੇ ਸਾਢੇ ਚਾਰ ਸਾਲਾਂ ਵਿਚ ਵੱਖ -ਵੱਖ ਖੇਤਰਾਂ ਜਿਨ੍ਹਾਂ ਵਿਚ ਸਿੱਖਿਆ, ਸਿਹਤ ਤੇ ਬੁਨਿਆਦੀ ਢਾਂਚਾ ਸ਼ਾਮਿਲ ਹੈ ਵਿਚ ਬਹੁਤ ਸਾਰੇ ਵਿਕਾਸ ਕਾਰਜ ਕਰਵਾਏ ਗਏ ਹਨ। ਇਲਾਕੇ ਵਿਚ ਸਿੱਖਿਆ ਨੂੰ ਹੁਲਾਰਾ ਦੇਣ ਲਈ 10 ਕਰੋੜ ਦੀ ਲਾਗਤ ਨਾਲ ਪਿੰਡ ਬੁਰਜ ਹਰੀ ਸਿੰਘ ਵਿਖੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਡਿਗਰੀ ਕਾਲਜ ਬਣਵਾਇਆ। 7 ਕਰੋੜ ਦੀ ਲਾਗਤ ਨਾਲ ਬੱਸੀਆਂ ਕੋਠੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਰਕਾਰੀ ਆਈ.ਟੀ.ਆਈ. ਦੀ ਸਥਾਪਨਾ ਕੀਤੀ। ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਹਲਕਾ ਰਾਏਕੋਟ ਦੀਆਂ 341 ਕਿਲੋਮੀਟਰ ਪੇਂਡੂ



ਸੜਕਾਂ ਦੀ ਮੁਰੰਮਤ ਕਰਵਾਈ ਅਤੇ 21 ਪੇਂਡੂ ਮੰਡੀਆਂ ਨੂੰ ਪੱਕਾ ਕਰਨ ਲਈ ਲਗਪਗ 11 ਕਰੋੜ ਰੁਪਏ ਖਰਚ ਕੀਤੇ ਗਏ ਹਨ। ਸੜਕਾਂ, ਡਰੇਨਾਂ ਤੇ ਪੁੱਲਾਂ ਚੌੜੇ ਕਰਨ ਲਈ ਲਗਪਗ 7 ਕਰੋੜ ਖਰਚ ਕੀਤੇ। ਇਸ ਤੋਂ ਇਲਾਵਾ 91 ਕਿਲੋਮੀਟਰ ਲੰਬੀਆਂ ਪੇਂਡੂ ਸੜਕਾਂ ਨੂੰ 18 ਫੁੱਟ ਤੱਕ ਚੌੜਾ ਕਰਨ ਲਈ 78 ਕਰੋੜ ਰੁਪਏ ਖਰਚ ਕੀਤੇ। ਬਿਜਲੀ ਦੀਆਂ ਤਾਰਾਂ ਅਤੇ ਟਰਾਂਸਫਾਰਮਰਾਂ ਨੂੰ ਅਪਗ੍ਰੇਡ ਕਰਨ ਲਈ 16 ਕਰੋੜ ਖਰਚ ਕੀਤੇ ਅਤੇ 24 ਕਰੋੜ ਦੀ ਲਾਗਤ ਨਾਲ ਤਿੰਨ ਗਰਿੱਡਾਂ ਦੀ ਸਥਾਪਨਾ ਕਰਵਾਈ। ਹਲਕੇ ਦੇ 9500 ਪਰਿਵਾਰ ਦੇ ਬਕਾਇਆ ਬਿਜਲੀ ਬਿੱਲਾਂ ਦੇ 4.50 ਕਰੋੜ ਰੁਪਏ ਮੁਆਫ ਕਰਵਾਏ ਗਏ। ਇਸੇ ਦੇ ਨਾਲ ਰਾਏਕੋਟ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ 55 ਕਰੋੜ ਦੀ ਗਰਾਂਟ ਜਾਰੀ ਕਰਵਾਈ ਗਈ। ਨਹਿਰੀ ਪਾਣੀ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਨਹਿਰੀ ਰਜਬਾਹਿਆਂ ਤੇ ਮੋਘਿਆਂ ਨੂੰ ਪੱਕਾ ਕਰਵਾਉਣ ਵਾਸਤੇ 52 ਕਰੋੜ ਰੁਪਏ ਮਨਜ਼ੂਰ ਕਰਵਾਏ। ਕਿਸਾਨਾਂ ਨੂੰ ਰਾਹਤ ਦਿੰਦਿਆਂ ਲਗਪਗ 6 ਹਜ਼ਾਰ ਕਿਸਾਨਾਂ ਦੇ ਕਰਜ਼ੇ ਦੇ 35 ਕਰੋੜ ਰੁਪਏ ਮੁਆਫ ਕਰਵਾਏ। ਇਸੇ ਤਰ੍ਹਾਂ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਦੇ 5 ਕਰੋੜ ਮੁਆਫ ਕਰਵਾਏ ਗਏ। ਸਮਾਜ ਭਲਾਈ ਦੇ ਖੇਤਰ ਵਿਚ 13000 ਨਵੀਆਂ ਬੁਢਾਪਾ ਪੈਨਸ਼ਨਾਂ ਲਗਵਾਈਆਂ ਤੇ 12000 ਲੋੜਵੰਦ ਪਰਿਵਾਰਾਂ ਦੇ ਨੀਲੇ ਕਾਰਡ ਬਣਵਾਏ। ਸਿਹਤ ਸੇਵਾਵਾਂ ਦੇ ਖੇਤਰ ਵਿਚ ਸਰਕਾਰੀ ਹਸਪਤਾਲ ਰਾਏਕੋਟ ਵਿਚ ਬੇਹਤਰ ਸਹੂਲਤਾਂ ਲਈ 2.50 ਕਰੋੜ ਖਰਚ ਕੀਤੇ ਅਤੇ 30 ਬੈੱਡ ਵਾਲੇ ਜੱਚਾ ਬੱਚਾ ਕੇਂਦਰ ਲਈ 7.50 ਕਰੋੜ ਰੁਪਏ ਮਨਜ਼ੂਰ ਕਰਵਾਏ। ਦੋ ਨਵੀਆਂ ਐਂਬੂਲੈਂਸਾਂ ਵੀ ਮੁਹੱਈਆ ਕਰਵਾਈਆਂ। ਕੋਵਿਡ ਦੌਰਾਨ ਹਸਪਤਾਲ ਵਿਚ ਆਕਸੀਜਨ ਦੇ ਪ੍ਰਬੰਧ ਕੀਤੇ ਗਏ ਹਨ। ਸਾਰਾਗੜੀ ਦੇ ਸ਼ਹੀਦ ਹੌਲਦਾਰ ਈਸ਼ਰ ਸਿੰਘ ਦੀ ਯਾਦ ਵਿਚ 55 ਲੱਖ ਦੀ ਲਾਗਤ ਨਾਲ ਪਿੰਡ ਝੋਰੜਾਂ ਵਿਖੇ ਪ੍ਰਾਇਮਰੀ ਹੈਲਥ ਸੈਂਟਰ ਉਸਾਰਿਆ ਗਿਆ। ਰਾਏਕੋਟ ਕਸਬੇ ਦੇ ਵਿਕਾਸ ਕਾਰਜਾਂ ਲਈ 25 ਕਰੋੜ ਦੀ ਗ੍ਰਾਂਟ ਜਾਰੀ ਕਰਵਾਈ









# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616



ਗਈ ਅਤੇ ਸ਼ਹਿਰ ਵਿਚ 4 ਕਰੋੜ ਦੀ ਲਾਗਤ ਨਾਲ ਨਵਾਂ ਬੱਸ ਅੱਡਾ ਉਸਾਰਿਆ ਜਾ ਰਿਹਾ ਹੈ। ਸ਼ਹਿਰ ਵਿਚ ਸੀਵਰੇਜ ਪਾਉਣ 'ਤੇ 60 ਕਰੋੜ ਰੁਪਏ ਖਰਚੇ ਜਾ ਰਹੇ ਹਨ। 47 ਕਰੋੜ ਰੁਪਏ ਦੀ ਲਾਗਤ ਨਾਲ ਹਲਵਾਰਾ ਏਅਰਪੋਰਟ ਦੇ ਟਰਮੀਨਲ ਦੀ ਨਵੀਂ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਲੋਕ ਨਿਰਮਾਣ ਮਹਿਕਮੇ ਦੀਆਂ ਪ੍ਰਮੁੱਖ ਸੜਕਾਂ 'ਤੇ 40 ਕਰੋੜ ਖਰਚ ਕੀਤੇ ਤੇ ਹਲਕਾ ਰਾਏਕੋਟ ਦੇ ਪਿੰਡਾਂ ਦੇ 85 ਕਿਲੋਮੀਟਰ ਕੱਚੇ ਰਸਤਿਆਂ ਨੂੰ ਪੱਕੇ ਕਰਨ ਲਈ 22 ਕਰੋੜ ਰੁਪਏ ਜਾਰੀ ਕਰਵਾਏ ਗਏ ਹਨ। ਉਹਨਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਦੌਰਾਨ ਹਲਕੇ ਦੇ ਸਰਬਪੱਖੀ ਵਿਕਾਸ ਲਈ ਲਗਪਗ 500 ਕਰੋੜ ਤੋਂ ਉਪਰ ਖਰਚੇ ਗਏ ਹਨ। ਜਿਹਨਾਂ ਵਿਚ ਇਕ ਡਿਗਰੀ ਕਾਲਜ, ਆਈ ਟੀ ਆਈ ਅਤੇ ਹਲਵਾਰਾ ਅੰਤਰਰਾਸ਼ਟਰੀ ਏਅਰਪੋਰਟ ਟਰਮੀਨਲ ਦੀ ਇਮਾਰਤ ਦੀ ਉਸਾਰੀ ਦਾ ਕੰਮ ਸ਼ਾਮਿਲ ਹਨ। ਉਹਨਾਂ ਕਿਹਾ ਹਲਵਾਰਾ ਏਅਰਪੋਰਟ ਦੇ ਕੌਮੀ ਤੇ ਕੌਮਾਂਤਰੀ ਉਡਾਣਾਂ ਦੇ ਚਾਲੂ ਹੋਣ ਨਾਲ ਇਸ ਹਲਕੇ ਦੀ ਨੁਹਾਰ ਬਦਲਣ ਵਾਲੀ ਹੈ। ਉਹਨਾਂ ਦਾ ਟੀਚਾ ਹਲਕੇ ਵਿਚ 1000 ਕਰੋੜ ਤੋ ਉਪਰ ਵਿਕਾਸ ਕਾਰਜਾਂ ਉਪਰ ਖਰਚ ਕਰਨ ਦਾ ਹੈ। ਇਸ ਦੌਰਾਨ ਉਹਨਾਂ ਨੇ ਹਲਕਾ ਰਾਏਕੋਟ ਦੇ ਵਿਕਾਸ ਵਿਚ ਐਨ ਆਰ ਆਈ ਭਰਾਵਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਸਿਆਸੀ ਖੇਤਰ ਵਿਚ ਵੀ ਮਾਰਗਦਰਸ਼ਨ ਕਰਨ ਦੀ ਅਪੀਲ ਕੀਤੀ ਹੈ। ਸਿਆਸੀ ਖੇਤਰ ਵਿਚ ਯੋਗ ਤੇ ਇਮਾਨਦਾਰ ਵਿਅਕਤੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਹੌਸਲਾਅਫਜ਼ਾਈ ਨਾਲ ਬੇਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਉਹਨਾਂ ਹਲਕੇ ਦੇ ਸਰਬਪੱਖੀ ਵਿਕਾਸ ਅਤੇ ਇਕ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਲਈ ਹਲਕੇ ਦੇ ਵੋਟਰਾਂ ਅਤੇ ਐਨ ਆਰ ਆਈ ਭਰਾਵਾਂ ਨੂੰ ਉਹਨਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ।



**—ਸੁਖਵਿੰਦਰ ਸਿੰਘ ਚੋਹਲਾ**










ਇਸ ਸਾਲ ਤੋਂ ਸ਼ੁਰੂਆਤ ਕਰਕੇ, ਤੁਹਾਨੂੰ ਬੀਮਾਰ ਹੁੰਦੇ ਹੋਏ ਕੰਮ 'ਤੇ ਜਾਣ ਅਤੇ ਆਪਣੀ ਤਨਖਾਹ ਗੁਆਉਣ ਵਿਚਕਾਰ ਚੋਣ ਕਰਨ ਦੀ ਲੋੜ ਨਹੀਂ ਹੈ।

**1 ਜਨਵਰੀ ਤੋਂ, ਬੀਸੀ ਵਿੱਚ ਯੋਗ ਕਰਮਚਾਰੀ 5 ਪੇਡ ਸਿੱਕ ਦਿਨਾਂ ਦੇ ਹੱਕਦਾਰ ਹਨ।**

ਸੋ ਤੁਸੀਂ ਘੱਟ ਚਿੰਤਾ ਕਰ ਸਕਦੇ ਹੋ ਅਤੇ ਬਿਹਤਰ ਮਹਿਸੂਸ ਕਰਨ 'ਤੇ ਧਿਆਨ ਕੇਂਦਰਿਤ ਕਰ ਸਕਦੇ ਹੋ।

**ਕਾਮਿਆਂ ਲਈ ਬਿਹਤਰ।**
**ਕਾਰੋਬਾਰਾਂ ਲਈ ਬਿਹਤਰ।**

BRITISH COLUMBIA | StrongerBC

**gov.bc.ca/PaidSickLeave 'ਤੇ ਹੋਰ ਜਾਣੋ**

# ਧਰਮਾਂਤਰਣ ਕਾਨੂੰਨ ਨਾਲ ਨਹੀਂ, ਆਪਣੀ ਸ਼ਕਤੀ ਨਾਲ ਰੁਕੇਗਾ-ਠਾਕੁਰ ਦਲੀਪ ਸਿੰਘ

**ਹਰਦਮ ਮਾਨ**

ਸਰੀ-ਭਾਰਤ ਦੀਆਂ ਕੁਝ ਸੰਸਥਾਵਾਂ ਵੱਲੋਂ ਕਾਨੂੰਨ ਦੀ ਸਹਾਇਤਾ ਨਾਲ ਧਰਮ-ਪਰਿਵਰਤਨ ਰੋਕਣ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਧਰਮ-ਪਰਿਵਰਤਨ ਰੋਕਣ ਲਈ ਨਵੇਂ ਕਾਨੂੰਨ ਬਣਾਉਣ ਦੀ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਉਹਨਾਂ ਸਾਰੀਆਂ ਸੰਸਥਾਵਾਂ ਨੂੰ ਨਿਮਰਤਾ ਸਹਿਤ ਪੁੱਛਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਅੱਜ ਤੱਕ ਧਰਮ ਪਰਿਵਰਤਨ ਕੀਤਾ ਹੈ, ਉਨ੍ਹਾਂ ਨੇ ਕਿਸ ਭਾਰਤੀ ਕਾਨੂੰਨ ਦੀ ਮਦਦ ਨਾਲ ਧਰਮ ਪਰਿਵਰਤਨ ਕੀਤਾ ਹੈ? ਆਪਣੇ ਵੀਡੀ? ਸੰਦੇਸ਼ ਰਾਹੀਂ ਉਨ੍ਹਾਂ ਕਿਹਾ ਹੈ ਕਿ ਜੇਕਰ ਵਿਦੇਸ਼ੀ ਧਰਮਾਂ ਦੇ ਲੋਕ, ਬਿਨਾਂ ਕਿਸੇ ਕਾਨੂੰਨੀ ਸਹਾਇਤਾ ਦੇ, ਸਾਡੇ ਦੇਸ਼ ਵਿਚ ਆ ਕੇ ਧਰਮ-ਪਰਿਵਰਤਨ ਕਰ ਸਕਦੇ ਹਨ; ਤਾਂ ਅਸੀਂ ਉਨ੍ਹਾਂ ਨੂੰ ਬਿਨਾਂ ਕਿਸੇ ਕਾਨੂੰਨੀ ਸਹਾਇਤਾ ਦੇ, ਆਪਣੇ ਹੀ ਦੇਸ਼ ਵਿਚ ਧਰਮ-ਪਰਿਵਰਤਨ ਕਰਨ ਤੋਂ ਕਿਉਂ ਨਹੀਂ ਰੋਕ ਸਕਦੇ? ਉਨ੍ਹਾਂ ਕਿਹਾ ਕਿ ਸਵਾਲ ਇਹ ਹੈ ਕਿ ਕੀ ਅਸੀਂ ਸੱਚਮੁੱਚ ਧਰਮ-ਪਰਿਵਰਤਨ ਨੂੰ ਰੋਕਣਾ ਚਾਹੁੰਦੇ ਹਾਂ ਜਾਂ ਸਿਰਫ ਗੱਲਾਂ ਹੀ ਕਰਨੀਆਂ ਜਾਣਦੇ ਹਾਂ? ਠਾਕੁਰ ਦਲੀਪ ਸਿੰਘ ਨੇ ਕਿਹਾ ਕਿ "ਨਾਮਧਾਰੀ ਸਿੱਖਾਂ" ਨੇ, ਕਿਸੇ ਕਾਨੂੰਨ ਅਤੇ ਕਿਸੇ ਵੱਡੀ ਸੰਸਥਾ ਦੀ ਸਹਾਇਤਾ ਤੋਂ ਬਿਨਾਂ, ਇੱਕ ਸਾਲ ਦੇ ਅੰਦਰ-ਅੰਦਰ ਧਰਮ ਪਰਿਵਰਤਨ ਕੀਤੇ ਹੋਏ 25 ਪਿੰਡਾਂ ਵਿੱਚੋਂ, ਧਰਮ ਪਰਿਵਰਤਨ ਕਰਨ ਵਾਲਿਆਂ ਦਾ ਮੁਕੰਮਲ ਖਾਤਮਾ ਕੀਤਾ ਹੈ ਅਤੇ ਉਥੋਂ ਦੇ ਲੋਕਾਂ ਨੂੰ ਆਪਣੇ ਸਿੱਖੀ (ਭਾਰਤੀ ਧਰਮਾਂ) ਵਿੱਚ ਵਾਪਿਸ ਲਿਆਂਦਾ ਹੈ। ਉਹਨਾਂ ਦਾ ਆਪਣੇ ਸਿੱਖੀ (ਭਾਰਤੀ ਧਰਮਾਂ) ਵਿਚ ਵਿਸ਼ਵਾਸ ਦ੍ਰਿੜ ਕਰਾਇਆ ਹੈ। ਅਤੇ, ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਗੱਲ ਦਾ ਅਸੀਂ ਮੀਡੀਆ ਵਿੱਚ ਵੀ ਕੋਈ ਪ੍ਰਚਾਰ ਨਹੀਂ ਕੀਤਾ। ਜੇਕਰ "ਨਾਮਧਾਰੀ ਸੰਪਰਦਾ" ਦੇ ਸਿੱਖ: ਬਿਨਾਂ ਕਿਸੇ ਕਾਨੂੰਨੀ ਸਹਾਇਤਾ ਅਤੇ ਕਿਸੇ ਵੱਡੀ ਸੰਸਥਾ ਦੀ ਸਹਾਇਤਾ ਤੋਂ ਬਿਨਾਂ; ਜ਼ਮੀਨੀ ਪੱਧਰ ਉੱਤੇ ਕੰਮ ਕਰਦੇ ਹੋਏ, 25 ਪਿੰਡਾਂ ਵਿੱਚ ਧਰਮ-ਪਰਿਵਰਤਨ ਕੀਤੇ ਲੋਕਾਂ ਨੂੰ ਵਾਪਿਸ ਲਿਆ ਸਕਦੇ ਹਾਂ ਅਤੇ ਧਰਮ ਪਰਿਵਰਤਨ ਰੋਕ ਸਕਦੇ ਹਾਂ; ਤਾਂ ਫਿਰ ਵੱਡੀਆਂ ਸੰਸਥਾਵਾਂ ਇਹ ਕੰਮ ਕਿਉਂ ਨਹੀਂ ਕਰ ਸਕਦੀਆਂ? ਉਨ੍ਹਾਂ ਇਹ ਵੀ ਕਿਹਾ ਕਿ ਸੱਚਾਈ ਤਾਂ ਇਹ ਹੈ ਕਿ ਕਿਸੇ ਵੀ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਧਰਮ-ਪਰਿਵਰਤਨ ਕਰਨਾ ਬਹੁਤ ਜ਼ਰੂਰੀ ਹੈ। ਸਾਰੇ ਧਰਮਾਂ ਦਾ ਵਿਕਾਸ ਧਰਮ-ਪਰਿਵਰਤਨ ਨਾਲ ਹੀ ਹੋਇਆ ਹੈ। ਕਿਉਂਕਿ, ਹਰੇਕ ਧਰਮ ਦੇ ਵਿਕਾਸ ਦਾ ਇੱਕ ਹੀ ਉਪਾਅ ਹੈ ਅਤੇ ਉਹ ਹੈ - ਧਰਮ-ਪਰਿਵਰਤਨ (ਦੂਸਰਿਆਂ ਨੂੰ ਆਪਣੇ ਧਰਮ ਵਿੱਚ ਸ਼ਾਮਿਲ ਕਰਨਾ)। ਇਸ ਲਈ ਧਰਮ-ਪਰਿਵਰਤਨ ਜ਼ਰੂਰ ਹੋਣਾ ਚਾਹੀਦਾ ਹੈ; ਪਰੰਤੂ, ਸਾਡੇ ਦੇਸ਼ ਵਿਚ ਉਹ ਧਰਮ ਪਰਿਵਰਤਨ, ਭਾਰਤੀ ਧਰਮਾਂ ਦੁਆਰਾ ਹੋਣਾ ਚਾਹੀਦਾ ਹੈ ਨਾ ਕਿ ਵਿਦੇਸ਼ੀ ਧਰਮਾਂ ਦੁਆਰਾ। ਜੇਕਰ ਅਸੀਂ ਵਿਦੇਸ਼ੀ ਧਰਮਾਂ ਨਾਲ ਹੋਣ ਵਾਲੇ ਧਰਮ ਪਰਿਵਰਤਨ ਨੂੰ ਰੋਕਣਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣਾ ਜ਼ਿਆਦਾਤਰ ਸਮਾਂ ਲੋਕਾਂ ਵਿਚ ਜਾ ਕੇ ਬਿਤਾਉਣਾ ਚਾਹੀਦਾ ਹੈ। ਮੰਦਰਾਂ, ਗੁਰਦੁਆਰਿਆਂ, ਆਸ਼ਰਮਾਂ ਅਤੇ ਡੇਰਿਆਂ ਆਦਿ ਸਾਰੇ ਧਰਮ ਅਸਥਾਨਾਂ ਵਿੱਚ ਬੈਠੇ ਹੋਏ ਸੰਤ-ਮਹਾਤਮਾ, ਆਪ ਲੋਕਾਂ ਵਿੱਚ ਜਾ ਕੇ ਉਹਨਾਂ ਨੂੰ ਮਿਲਣਾ ਸ਼ੁਰੂ ਕਰਨ ਅਤੇ ਆਪਣੇ ਸੇਵਕਾਂ ਨੂੰ ਵੀ ਪ੍ਰੇਰਣਾ ਦੇਣ ਕਿ ਲੋਕਾਂ ਨਾਲ ਪ੍ਰੇਮ ਕਰਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਉਹਨਾਂ ਦਾ ਹੱਲ ਕਰਨਾ ਸ਼ੁਰੂ ਕਰਨ। ਲੋਕਾਂ ਨਾਲ ਪਿਆਰ ਕਰਨ ਅਤੇ ਉਹਨਾਂ ਦੀ ਸੇਵਾ ਕਰਨ ਨਾਲ ਆਪਣੇ ਧਰਮ ਦਾ ਪ੍ਰਚਾਰ ਹੋਵੇਗਾ ਅਤੇ ਧਰਮ-ਪਰਿਵਰਤਨ ਆਪਣੇ ਆਪ ਬੰਦ ਹੋ ਜਾਵੇਗਾ। ਠਾਕੁਰ ਦਲੀਪ ਸਿੰਘ ਅਨੁਸਾਰ ਹਰ ਧਾਰਮਿਕ ਅਸਥਾਨ, ਮੰਦਰ, ਗੁਰਦੁਆਰੇ ਆਦਿ ਵਿੱਚ ਚੰਗੇ ਸਕੂਲ (ਵਿਦਿਆਲਾ), ਡਿਸਪੈਂਸਰੀ, ਹਸਪਤਾਲ ਆਦਿ ਹੋਣੇ ਚਾਹੀਦੇ ਹਨ ਜੋ ਗਰੀਬਾਂ ਲਈ ਮੁਫਤ ਹੋਣ ਜਾਂ ਘੱਟ ਪੈਸੇ ਲੈਂਦੇ ਹੋਣ; ਇਸ ਦੇ ਨਾਲ ਵੀ ਲੋਕ ਧਰਮ ਪਰਿਵਰਤਨ ਕਰਨ ਤੋਂ ਰੁਕ ਜਾਣਗੇ। ਕਿਉਂਕਿ ਵਿਦੇਸ਼ੀਆਂ ਨੇ ਸਕੂਲ ਅਤੇ ਹਸਪਤਾਲ ਬਣਾ ਕੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਹੈ। ਭਾਵ: ਵਿਦੇਸ਼ੀਆਂ ਨੇ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਹਨ, ਜੋ ਸਾਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਸਨ; ਪਰ ਅਸੀਂ ਪੂਰੀਆਂ ਨਹੀਂ ਕੀਤੀਆਂ। ਕਿਸੇ ਸਮੇਂ ਸਾਡੇ ਦੇਸ਼ ਵਿੱਚ ਵੀ ਹਰ ਧਾਰਮਿਕ ਸਥਾਨ ਦੇ ਨਾਲ ਵਿਦਿਆਲਾ (ਸਕੂਲ), ਔਸ਼ਧਾਲਯ (ਹਸਪਤਾਲ) ਆਦਿ ਹੁੰਦੇ ਸਨ, ਪਰ ਅੱਜ ਉਹ ਨਹੀਂ ਹੋ ਰਹੇ ਅਤੇ ਸਾਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ। ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਜੋ ਵੀ ਕੀਮਤੀ ਪੱਥਰ, ਕੀਮਤੀ ਚੰਦੋਏ, ਸੋਨਾ, ਚਾਂਦੀ ਆਦਿ ਚੜ੍ਹਾਏ ਜਾਂਦੇ ਹਨ, ਉਹ ਸਾਰੀ ਮਾਇਆ; ਆਪਣੇ ਧਰਮ ਦੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਦੀ ਉੱਨਤੀ ਲਈ ਵਰਤੀ ਜਾਣੀ ਚਾਹੀਦੀ ਹੈ। ਕਿਉਂਕਿ, ਧਰਮ ਦਾ ਅਰਥ 'ਪਿਆਰ, ਸੇਵਾ ਅਤੇ ਗਰੀਬਾਂ ਦੀ ਭਲਾਈ' ਹੈ। ਜੇਕਰ ਮੰਦਰਾਂ-ਗੁਰਦੁਆਰਿਆਂ ਦਾ ਪੈਸਾ ਸਹੀ ਤਰੀਕੇ ਨਾਲ ਗ਼ਰੀਬਾਂ ਨੂੰ ਦਿੱਤਾ ਜਾਵੇ ਅਤੇ ਗਰੀਬਾਂ ਨਾਲ ਪਿਆਰ ਕੀਤਾ ਜਾਵੇ; ਤਾਂ ਧਰਮ-ਪਰਿਵਰਤਨ ਹੋ ਹੀ ਨਹੀਂ ਸਕਦਾ। ਜਿੰਨਾ ਚਿਰ ਭਾਰਤ ਦੇ ਲੋਕ: ਹਮਲਾਵਰ ਸੋਚ, ਹਮਲਾਵਰ ਰਵੱਈਆ ਨਹੀਂ ਅਪਣਾਉਣਗੇ, ਹਮਲਾਵਰ ਹੋ ਕੇ ਕੰਮ ਨਹੀਂ ਕਰਨਗੇ; ਉਦੋਂ ਤੱਕ ਭਾਰਤ ਦੇਸ਼, ਭਾਰਤੀ ਸੱਭਿਅਤਾ ਅਤੇ ਭਾਰਤ ਦੇ ਧਰਮਾਂ ਦੀ ਰੱਖਿਆ ਕਰਨਾ ਅਸੰਭਵ ਹੈ। ਸਿਰਫ਼ ਹਮਲਾਵਰ ਰਹਿਣ ਵਾਲਾ ਹੀ ਸੁਰੱਖਿਅਤ ਰਹਿੰਦਾ ਹੈ। ਇਸ ਲਈ ਸਾਡੇ ਭਾਰਤੀਆਂ ਨੂੰ ਸੁਰੱਖਿਅਤ ਰਹਿਣ ਵਾਸਤੇ ਹਮਲਾਵਰ ਸੋਚ, ਰਵੱਈਆ ਅਤੇ ਕਾਰਜਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਇਹਨਾਂ ਤੋਂ ਬਿਨਾਂ ਸਾਨੂੰ ਸੁਰੱਖਿਆ ਨਹੀਂ ਮਿਲ ਸਕਦੀ। ਅਸੀਂ ਗੁਲਾਮ ਤਾਂ ਹੀ ਬਣੇ, ਕਿਉਂਕਿ ਅਸੀਂ ਕਿਸੇ ਨੂੰ ਗੁਲਾਮ ਨਹੀਂ ਬਣਾਇਆ। ਜੇ ਅਸੀਂ ਇੰਗਲੈਂਡ ਨੂੰ ਗੁਲਾਮ ਬਣਾਇਆ ਹੁੰਦਾ, ਤਾਂ ਉਹ ਸਾਨੂੰ ਗੁਲਾਮ ਨਾ ਬਣਾ ਸਕਦੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਭਾਰਤੀ, ਸੱਚੇ ਦਿਲੋਂ ਧਰਮ-ਪਰਿਵਰਤਨ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਜਿਹੜੇ ਲੋਕ ਸਾਡਾ ਧਰਮ ਪਰਿਵਰਤਨ ਕਰ ਰਹੇ ਹਨ; ਉਹਨਾਂ ਲੋਕਾਂ ਦਾ ਹੀ ਧਰਮ ਪਰਿਵਰਤਨ ਕਰਕੇ, ਉਨ੍ਹਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰ ਲਿਆ ਜਾਵੇ। ਜਦੋਂ ਧਰਮ ਪਰਿਵਰਤਨ ਕਰਨ ਵਾਲੇ ਲੋਕ ਹੀ ਸਾਡੇ ਧਰਮ ਵਿੱਚ ਸ਼ਾਮਲ ਹੋ ਜਾਣਗੇ, ਫਿਰ ਧਰਮ ਪਰਿਵਰਤਨ ਕਿਵੇਂ ਹੋਵੇਗਾ? ਪਰੰਤੂ, ਸਾਡੀ ਸੋਚ ਇੰਨੀ ਸੰਕੀਰਣ ਹੈ ਕਿ ਉਹ ਲੋਕ ਚਾਹੇ ਸਾਡੇ ਧਰਮ ਵਿਚ ਸ਼ਾਮਲ ਹੋਣਾ ਵੀ ਚਾਹੁਣ; ਅਸੀਂ ਉਨ੍ਹਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਨਹੀਂ ਕਰਦੇ। ਅਸੀਂ ਉਹਨਾਂ ਨੂੰ ਨਫ਼ਰਤ ਕਰਦੇ ਹਾਂ ਅਤੇ ਕਹਿੰਦੇ ਹਾਂ, "ਉਹ ਮਾੜੇ ਹਨ। ਉਹ ਸਾਡੇ ਧਰਮ ਵਿੱਚ ਸ਼ਾਮਲ ਨਹੀਂ ਹੋ ਸਕਦੇ।" 'ਮਾੜਾ' ਕਹਿਣ ਨਾਲ ਕਿਸੇ ਦਾ ਕੁਝ ਨਹੀਂ ਵਿਗੜਦਾ। ਪਰ, ਸਾਡੇ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਜ਼ਰੂਰ ਘਟਦੀ ਹੈ, ਵਧਦੀ ਨਹੀਂ। ਸਾਨੂੰ ਉਨ੍ਹਾਂ ਲੋਕਾਂ ਨਾਲ ਪਿਆਰ ਕਰਕੇ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਕੇ, ਉਨ੍ਹਾਂ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਕੇ ਅਤੇ ਉਹਨਾਂ ਨੂੰ ਬਰਾਬਰ ਦਰਜਾ ਦੇ ਕੇ, ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨ ਦੀ ਲੋੜ ਹੈ। ਸਾਡੇ ਭਾਰਤੀ ਧਰਮਾਂ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ, ਕੇਵਲ ਆਪਣੇ ਧਰਮ ਦਾ ਪ੍ਰਚਾਰ ਕਰਨ ਵਾਲੀ ਸੋਚ ਦੀ ਕਮੀ ਹੈ। ਆਪਣੀ ਸੋਚ ਨੂੰ ਵਿਸ਼ਾਲ ਅਤੇ ਅਗਾਂਹਵਧੂ ਬਣਾ ਕੇ ਉਸ ਕਮੀ ਨੂੰ ਪੂਰਨ ਕਰੀਏ; ਬਿਨਾਂ ਕਿਸੇ ਕਾਨੂੰਨੀ ਮਦਦ ਦੇ, ਧਰਮ-ਪਰਿਵਰਤਨ ਆਪਣੇ ਆਪ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ "ਨਾਮਧਾਰੀਆਂ" ਨਾਲੋਂ ਵੱਧ ਸ਼ਕਤੀਸ਼ਾਲੀ ਹੋਰ ਸੰਸਥਾਵਾਂ ਹਨ, ਜੋ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਸਕਦੀਆਂ ਹਨ, ਧਰਮ-ਪਰਿਵਰਤਨ ਰੋਕ ਸਕਦੀਆਂ ਹਨ ਅਤੇ ਪਰਿਵਰਤਿਤ ਹੋਏ ਲੋਕਾਂ ਨੂੰ ਵਾਪਸ ਲਿਆ ਸਕਦੀਆਂ ਹਨ। ਸਾਨੂੰ ਕਾਨੂੰਨੀ ਸਹਾਰੇ ਦੀ ਬਜਾਇ ਲੋਕਾਂ ਨਾਲ ਮੇਲਜੋਲ ਬਣਾਉਣਾ ਚਾਹੀਦਾ ਹੈ, ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਕਾਨੂੰਨ ਤਾਂ ਕਮਜ਼ੋਰਾਂ ਦੀ ਭਾਸ਼ਾ ਹੈ। ਸਾਨੂੰ ਕਾਨੂੰਨੀ ਸਹਾਇਤਾ ਦੀ ਬਜਾਇ ਆਪਣੀ ਤਾਕਤ ਅਤੇ ਬੁੱਧੀ ਨਾਲ ਕੰਮ ਕਰਨਾ ਚਾਹੀਦਾ ਹੈ। ਜੇਕਰ ਅਸੀਂ ਲੋਕਾਂ ਨਾਲ ਮੇਲਜੋਲ ਵਧਾਉਂਦੇ ਹਾਂ ਅਤੇ ਉਹਨਾਂ ਨਾਲ ਪਿਆਰ ਕਰਦੇ ਹਾਂ, ਤਾਂ ਮਾਨਵੀ-ਸ਼ਕਤੀ ਜੁੜਨ ਕਰਕੇ ਅਸੀਂ ਇੰਨੇ ਸ਼ਕਤੀਸ਼ਾਲੀ ਹੋ ਜਾਵਾਂਗੇ ਕਿ ਕਾਨੂੰਨ ਸਾਡੀ ਸਹਾਇਤਾ ਲਵੇਗਾ; ਸਾਨੂੰ ਕਾਨੂੰਨ ਦਾ ਸਹਾਰਾ ਲੈਣ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ ਧਰਮ-ਪਰਿਵਰਤਨ ਵੀ ਆਪਣੇ ਆਪ ਹੀ ਰੁਕ ਜਾਵੇਗਾ ਅਤੇ ਸਾਡੇ ਭਾਰਤੀ ਧਰਮ ਵਧਣ ਲੱਗ ਜਾਣਗੇ। ਉਨ੍ਹਾਂ ਭਾਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਆਪਾਂ ਸਾਰੇ ਮਿਲ ਕੇ ਆਪਣੇ ਭਾਰਤੀ ਧਰਮਾਂ ਨੂੰ ਵਧਾਈਏ! ਜਦੋਂ ਅਸੀਂ ਵਧਣਾ ਸ਼ੁਰੂ ਕਰ ਦਿਆਂਗੇ, ਤਾਂ ਘਟਣੋਂ ਆਪੇ ਰੁਕ ਜਾਵਾਂਗੇ ਅਤੇ ਦੂਸਰੇ ਧਰਮ ਵਧਣੋਂ ਰੁਕ ਜਾਣਗੇ।



# ਬੀ.ਸੀ. ਵਿਚ ਇਕ ਹੋਰ ਪੰਜਾਬਣ ਨੂੰ ਜੱਜ ਬਣਨ ਦਾ ਮਾਣ ਹਾਸਲ

ਸਰੀ (ਹਰਦਮ ਮਾਨ)-ਬ੍ਰਿਟਿਸ਼ ਕੋਲੰਬੀਆ ਵਿਚ ਇਕ ਹੋਰ ਪੰਜਾਬਣ ਨੀਨਾ ਪੁਰੇਵਾਲ ਨੂੰ ਪ੍ਰੋਵਿੰਸ਼ੀਅਲ ਕੋਰਟ ਜੱਜ ਬਣਨ ਦਾ ਮਾਣ ਹਾਸਲ ਹੋਇਆ ਹੈ। ਬੀ.ਸੀ. ਸਰਕਾਰ ਵੱਲੋਂ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ ਗਿਆ ਹੈ ਕਿ ਉਹ 31 ਜਨਵਰੀ, 2022 ਨੂੰ ਆਪਣਾ ਅਹੁਦਾ ਸੰਭਾਲ ਲੈਣਗੇ। ਉਨ੍ਹਾਂ ਦੇ ਨਾਲ ਦੋ ਹੋਰ ਨਵੇਂ ਜੱਜ, ਸਕਾਟ ਮੁਲਡਰ ਅਤੇ ਮਾਈਕਲ ਮੁਨਰੋ ਵੀ ਨਿਯੁਕਤ ਕੀਤੇ ਗਏ ਹਨ। ਨੀਨਾ ਪੁਰੇਵਾਲ ਉੱਤਰੀ ਖੇਤਰ ਵਿੱਚ ਆਪਣੀ ਜ਼ਿੰਮੇਵਾਰੀ ਸੰਭਾਲਣਗੇ। ਦੱਸਿਆ ਗਿਆ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਚੱਲ ਰਹੇ ਉੱਤਰੀ ਜ਼ਮਾਨਤ ਪਾਇਲਟ ਪ੍ਰੋਜੈਕਟ ਲਈ ਮਦਦ ਮਿਲੇਗੀ। ਨੀਨਾ ਪੁਰੇਵਾਲ ਨੇ ਵਿਕਟੋਰੀਆ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ, 2005 ਵਿੱਚ ਗ੍ਰੈਜੂਏਸ਼ਨ ਕੀਤੀ ਅਤੇ 2013 ਵਿੱਚ ਆਕਸਫੋਰਡ ਯੂਨੀਵਰਸਿਟੀ ਤੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਕਾਨੂੰਨੀ ਖੇਤਰ ਵਿੱਚ ਆਪਣੇ ਪੂਰੇ ਕੈਰੀਅਰ ਦੌਰਾਨ ਉਨ੍ਹਾਂ ਤਨਜ਼ਾਨੀਆ ਵਿੱਚ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਪੀਵੋਟ ਲੀਗਲ ਸੋਸਾਇਟੀ/ਐਲਐਲਪੀ ਲਈ ਸੂਬਾਈ ਸਰਕਾਰ ਦੇ ਚਾਈਲਡ ਐਂਡ ਯੂਥ ਐਡਵੋਕੇਟ ਦੇ ਤੌਰ ਤੇ ਅਤੇ ਡਿਊਟੀ ਸਲਾਹਕਾਰ ਵਜੋਂ ਕੰਮ ਕੀਤਾ। ਉਹ ਸਮਿਥਰਜ਼ ਦਫ਼ਤਰ ਵਿੱਚ ਕਰਾਊਨ ਵਕੀਲ ਰਹੇ।





# ਪੰਜਾਬੀ ਚੈਨਲ ਪੰਜਾਬ ਚੋਣਾਂ ਸਬੰਧੀ ਸੰਜੀਦਾ ਬਹਿਸ ਛੇੜਨ



ਪ੍ਰੋ: ਕੁਲਬੀਰ ਸਿੰਘ
9417153513





**ਟੈਲੀਵਿਜ਼ਨ ਚੈਨਲਾਂ ਨੂੰ ਚਾਹੀਦਾ ਹੈ ਕਿ ਹਰੇਕ ਪਾਰਟੀ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਸਟੂਡੀਓ ਵਿਚ ਸੱਦ ਕੇ ਖੁੱਲ੍ਹੀ ਬਹਿਸ ਕਰਵਾਉਣ। ਦਿਨ, ਸਮਾਂ ਪਹਿਲਾਂ ਘੋਸ਼ਿਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਉਸ ਬਹਿਸ ਨੂੰ ਸੁਣ ਸਕਣ। ਪਹਿਲੀ ਕਤਾਰ ਦੇ ਨੇਤਾਵਾਂ ਵਿਚ ਚਰਨਜੀਤ ਸਿੰਘ ਚੰਨੀ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਅਰਵਿੰਦ ਕੇਜਰੀਵਾਲ, ਭਗਵੰਤ ਮਾਨ, ਬਲਬੀਰ ਸਿੰਘ ਰਾਜੇਵਾਲ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਨੇਤਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਚੋਣਾਂ ਨੇੜੇ ਆਉਣ 'ਤੇ ਅਕਸਰ ਘਚੋਲਾ ਪਿਆ ਨਜ਼ਰ ਆਉਂਦਾ ਹੈ। ਬਿਆਨਾਂ ਦੀ ਬਹੁਤਾਤ ਅਤੇ ਨਿੱਜੀ ਦੂਸ਼ਣਬਾਜ਼ੀ ਦੌਰਾਨ ਵੋਟਰ ਪ੍ਰੇਸ਼ਾਨ ਹੋ ਜਾਂਦਾ ਹੈ। ਲੋਕਾਂ ਦਾ ਨਿੱਜੀ ਦੂਸ਼ਣਬਾਜ਼ੀ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਲੋਕਾਂ ਨੂੰ ਸਾਫ਼ ਸੁਥਰਾ ਸਿਸਟਮ, ਸਾਫ਼ ਸੁਥਰਾ ਵਾਤਾਵਰਨ ਚਾਹੀਦਾ ਹੈ। ਜਿਸ ਵਿਚ ਉਹ ਅਮਨ ਚੈਨ ਨਾਲ ਰਹਿ ਸਕਣ। ਸਿਆਸੀ ਨੇਤਾ ਨਾ ਸਿਸਟਮ ਦੀ ਗੱਲ ਕਰਦੇ ਹਨ, ਨਾ ਸਹੂਲਤਾਂ ਦੀ। ਆਪਸ ਵਿਚ ਉੱਲਝੀ ਜਾਂਦੇ ਹਨ। ਕੁਰਸੀ ਖ਼ਾਤਰ, ਆਪਣੀ ਹਉਮੈ ਖ਼ਾਤਰ। ਨੇਤਾਵਾਂ ਨੂੰ ਸਟੂਡੀਓ ਵਿਚ ਆਹਮਣੇ ਸਾਹਮਣੇ ਖੜੇ ਕਰਕੇ ਅਜਿਹੇ ਸਵਾਲਾਂ ਦੇ ਰੂਬਰੂ ਕਰਨ ਦੀ ਲੋੜ ਹੈ।**

ਮੀਡੀਆ ਪੰਜਾਬ ਚੋਣਾਂ ਸਬੰਧੀ ਪਲ ਪਲ ਦੀ ਖ਼ਬਰ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰ ਰਿਹਾ ਹੈ ਪਰੰਤੂ ਚੋਣਾਂ ਬਾਰੇ ਗੰਭੀਰ ਤੇ ਸੰਜੀਦਾ ਬਹਿਸ ਨਹੀਂ ਹੋ ਰਹੀ। ਪ੍ਰਿੰਟ ਮੀਡੀਆ ਵਿਚ ਸੰਪਾਦਕੀ ਪੰਨਿਆਂ 'ਤੇ ਅਕਸਰ ਅਜਿਹੇ ਆਰਟੀਕਲ ਅਤੇ ਸੰਪਾਦਕੀ ਨੋਟ ਪੜ੍ਹਨ ਨੂੰ ਮਿਲ ਜਾਂਦੇ ਹਨ ਪਰੰਤੂ ਨਿਊਜ਼ ਚੈਨਲ ਵਧੇਰੇ ਕਰਕੇ ?ਪਰੀ ?ਪਰੀ ਜਾਣਕਾਰੀ ਅਤੇ ਖ਼ਬਰਾਂ ਪ੍ਰਸਾਰਿਤ ਕਰਕੇ ਸਮਾਂ ਟਪਾ ਰਹੇ ਹਨ। ਖਬਰਾਂ ਦੀ, ਮੁੱਦਿਆਂ ਮਸਲਿਆਂ ਦੀ ਗਹਿਰਾਈ ਵਿਚ ਜਾ ਕੇ ਵਿਆਖਿਆ ਵਿਸ਼ਲੇਸ਼ਣ ਕਰਨ ਦਾ ਸ਼ਾਇਦ ਉਨ੍ਹਾਂ ਕੋਲ ਸਮਾਂ ਨਹੀਂ ਜਾਂ ਜਾਣ ਬੁੱਝ ਕੇ ਅਜਿਹਾ ਕਰਨ ਤੋਂ ਗਰੇਜ਼ ਕੀਤਾ ਜਾ ਰਿਹਾ ਹੈ। ਉਮੀਦਵਾਰਾਂ ਦੇ ਐਲਾਨ ਦਾ ਵੇਰਵਾ, ਵਿਰੋਧ-ਬਗਾਵਤ ਬਾਰੇ ਜਾਣਕਾਰੀ, ਗੱਠਜੋੜ-ਗਣਿਤ, ਵੱਖ-ਵੱਖ ਪਾਰਟੀਆਂ ਦੇ ਹਿੱਸੇ ਆਈਆਂ ਸੀਟਾਂ ਦੀ ਗਿਣਤੀ, ਮੁਖ ਮੰਤਰੀ ਚਿਹਰਾ, ਈ।ਡੀ। ਦੇ ਛਾਪੇ, ਸਿਆਸੀ ਬਦਲਾਖੋਰੀ ਤੇ ਬੱਸ। ਚੋਣਾਂ ਸਮੇਂ ਅਕਸਰ ਅਜਿਹਾ ਹੁੰਦਾ ਹੈ। ਸਿਆਸੀ ਪਾਰਟੀਆਂ ਅਜਿਹਾ ਮਾਹੌਲ ਸਿਰਜ ਦਿੰਦੀਆਂ ਹਨ ਕਿ ਅਸਲੀ ਮੁੱਦੇ ਗਾਇਬ ਹੋ ਜਾਂਦੇ ਹਨ। ਸਿਆਸੀ ਨੇਤਾ, ਲੋਕਾਂ ਨੂੰ ਗੈਰ-ਹਕੀਕੀ ਬਿਆਨਾਂ ਤੇ ਘੋਸ਼ਣਾਵਾਂ ਵਿਚ ਉਲਝਾ ਲੈਂਦੇ ਹਨ। ਨਿਊਜ਼ ਚੈਨਲ ਵੀ ਅਜਿਹੀਆਂ ਸੁਰਖੀਆਂ ਬਣਾਉਣ ਤੱਕ ਸੀਮਤ ਹੋ ਜਾਂਦੇ ਹਨ। ਨਾ ਕਿੰਤੂ ਪਰੰਤੂ ਕਰਦੇ ਹਨ, ਨਾ ਪ੍ਰਸ਼ਨ ਉਠਾਉਂਦੇ ਹਨ। ਜੇ ਉਠਾਉਂਦੇ ਵੀ ਹਨ ਤਾਂ ਪੈਨਲ 'ਤੇ ਗੌਰ ਨਹੀਂ ਕਰਦੇ। ਹਰ ਰੋਜ਼, ਹਰ ਹਫ਼ਤੇ ਉਹੀ ਚਿਹਰੇ ਚੋਣ-ਚਰਚਾ ਵਿਚ ਸ਼ਾਮਲ ਹੁੰਦੇ ਹਨ। ਜਿਸ ਕਾਰਨ ਦਰਸ਼ਕਾਂ ਦੀ ਦਿਲਚਸਪੀ ਘੱਟਦੀ ਘੱਟਦੀ ਖ਼ਤਮ ਹੋ ਜਾਂਦੀ ਹੈ। ਸਿਆਸੀ ਨੇਤਾਵਾਂ, ਸਿਆਸੀ ਪਾਰਟੀਆਂ ਦਾ ਧਿਆਨ ਕੇਵਲ ਆਰਜ਼ੀ ਨਫ਼ੇ ਨੁਕਸਾਨ 'ਤੇ ਕੇਂਦਰਿਤ ਹੈ। ਵੋਟਾਂ ਕਿਵੇਂ ਬਟੋਰਨੀਆਂ ਹਨ, ਕੁਰਸੀ ਕਿਵੇਂ ਹਾਸਲ ਕਰਨੀ ਹੈ, ਬੱਸ। ਪੰਜਾਬ ਦੀ ਦੁਰਦਸ਼ਾ ਵੱਲ ਕਿਸੇ ਦਾ ਧਿਆਨ ਨਹੀਂ। ਇਹ ਦੁਰਦਸ਼ਾ ਕਿਉਂ ਹੋਈ ਕਿਸੇ ਨੂੰ ਚਿੰਤਾ ਨਹੀਂ। ਪੰਜਾਬ ਨੂੰ ਲੀਹ 'ਤੇ ਲਿਆਉਣ ਲਈ ਡੋਲਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਪਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨੇ ਪੈਣਗੇ। ਵਾਤਾਵਰਨ ਦੀ ਸ਼ੁੱਧਤਾ ਵੱਲ ਧਿਆਨ ਦੇਣਾ ਪਵੇਗਾ। ਭਵਿੱਖ ਵਿਚ ਪੀਣ ਵਾਲੇ ਪਾਣੀ ਦੇ ਪੈਦਾ ਹੋਣ ਵਾਲੇ ਸੰਕਟ ਦੇ ਹੱਲ ਲਈ ਹੁਣੇ ਤੋਂ ਵਿਉਂਤਬੰਦੀ ਕਰਨੀ ਹੋਵੇਗੀ। ਪਰੰਤੂ ਅਜਿਹੀ ਦੂਰ-ਦ੍ਰਿਸ਼ਟੀ, ਅਜਿਹੀ ਦ੍ਰਿੜਤਾ, ਅਜਿਹੀ ਸਮਝ ਨਾ ਕਿਸੇ ਨੇਤਾ ਵਿਚ ਨਜ਼ਰ ਆਉਂਦੀ ਹੈ, ਨਾ ਕਿਸੇ ਸਿਆਸੀ ਪਾਰਟੀ ਕੋਲ ਅਜਿਹਾ ਪ੍ਰੋਗਰਾਮ ਹੈ। ਟੈਲੀਵਿਜ਼ਨ ਚੈਨਲਾਂ ਨੂੰ ਚਾਹੀਦਾ ਹੈ ਕਿ ਹਰੇਕ ਪਾਰਟੀ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਸਟੂਡੀਓ ਵਿਚ ਸੱਦ ਕੇ ਖੁੱਲ੍ਹੀ ਬਹਿਸ ਕਰਵਾਉਣ। ਦਿਨ, ਸਮਾਂ ਪਹਿਲਾਂ ਘੋਸ਼ਿਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਉਸ ਬਹਿਸ ਨੂੰ ਸੁਣ ਸਕਣ। ਪਹਿਲੀ ਕਤਾਰ ਦੇ ਨੇਤਾਵਾਂ ਵਿਚ ਚਰਨਜੀਤ ਸਿੰਘ ਚੰਨੀ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਅਰਵਿੰਦ ਕੇਜਰੀਵਾਲ, ਭਗਵੰਤ ਮਾਨ, ਬਲਬੀਰ ਸਿੰਘ ਰਾਜੇਵਾਲ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਨੇਤਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਚੋਣਾਂ ਨੇੜੇ ਆਉਣ 'ਤੇ ਅਕਸਰ ਘਚੋਲਾ ਪਿਆ ਨਜ਼ਰ ਆਉਂਦਾ ਹੈ। ਬਿਆਨਾਂ ਦੀ ਬਹੁਤਾਤ ਅਤੇ ਨਿੱਜੀ ਦੂਸ਼ਣਬਾਜ਼ੀ ਦੌਰਾਨ ਵੋਟਰ ਪ੍ਰੇਸ਼ਾਨ ਹੋ ਜਾਂਦਾ ਹੈ। ਲੋਕਾਂ ਦਾ ਨਿੱਜੀ ਦੂਸ਼ਣਬਾਜ਼ੀ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਲੋਕਾਂ ਨੂੰ ਸਾਫ਼ ਸੁਥਰਾ ਸਿਸਟਮ, ਸਾਫ਼ ਸੁਥਰਾ ਵਾਤਾਵਰਨ ਚਾਹੀਦਾ ਹੈ। ਜਿਸ ਵਿਚ ਉਹ ਅਮਨ ਚੈਨ ਨਾਲ ਰਹਿ ਸਕਣ। ਸਿਆਸੀ ਨੇਤਾ ਨਾ ਸਿਸਟਮ ਦੀ ਗੱਲ ਕਰਦੇ ਹਨ, ਨਾ ਸਹੂਲਤਾਂ ਦੀ। ਆਪਸ ਵਿਚ ਉੱਲਝੀ ਜਾਂਦੇ ਹਨ। ਕੁਰਸੀ ਖ਼ਾਤਰ, ਆਪਣੀ ਹਉਮੈ ਖ਼ਾਤਰ। ਨੇਤਾਵਾਂ ਨੂੰ ਸਟੂਡੀਓ ਵਿਚ ਆਹਮਣੇ ਸਾਹਮਣੇ ਖੜੇ ਕਰਕੇ ਅਜਿਹੇ ਸਵਾਲਾਂ ਦੇ ਰੂਬਰੂ ਕਰਨ ਦੀ ਲੋੜ ਹੈ। ਬਿਲਕੁਲ ਉਵੇਂ ਜਿਵੇਂ ਵਿਕਸਤ ਮੁਲਕਾਂ ਦੇ ਨੇਤਾ ਚੋਣਾਂ ਸਮੇਂ ਆਹਮਣੇ ਸਾਹਮਣੇ ਬਹਿਸ ਦੌਰਾਨ ਆਪਣੇ ਵਿਚਾਰ ਪੇਸ਼ ਕਰਦੇ ਹਨ। ਭਾਵੇਂ ਲੋਕਾਂ ਦਾ ਮਨ ਵੋਟ ਪਾਉਣ ਸਬੰਧੀ ਲੱਗਭਗ ਬਣ ਚੁੱਕਾ ਹੁੰਦਾ ਹੈ। ਫਿਰ ਵੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀ ਵੱਖ-ਵੱਖ ਮੁੱਦਿਆਂ ਮਸਲਿਆਂ ਸਬੰਧੀ ਪਹੁੰਚ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਪੰਜਾਬ ਦੀ ਬਿਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਮੀਡੀਆ ਰਾਹੀਂ ਲੋਕਾਂ ਤੱਕ ਜਾਣਕਾਰੀ ਪਹੁੰਚਣੀ ਜ਼ਰੂਰੀ ਹੈ। ਇਹਦੇ ਲਈ ਸਿਆਸੀ ਪਾਰਟੀਆਂ ਅਤੇ ਨੇਤਾ ਆਪਣੇ ਢੰਗ ਨਾਲ ਯਤਨ ਕਰਦੇ ਹਨ ਪਰੰਤੂ ਟੈਲੀਵਿਜ਼ਨ ਚੈਨਲਾਂ ਨੂੰ ਆਪਣੀ ਢੰਗ ਨਾਲ ਵਿਉਂਤਬੰਦੀ ਕਰਨੀ ਚਾਹੀਦੀ ਹੈ। ਵਿਕਸਤ ਮੁਲਕਾਂ ਵਿਚ ਚੋਣ-ਮੁਹਿੰਮ ਇਸ ਤਰ੍ਹਾਂ ਚਲਾਈ ਜਾਂਦੀ ਹੈ ਕਿ ਹਰੇਕ ਪਾਰਟੀ, ਹਰੇਕ ਨੇਤਾ ਦਾ ਨਜ਼ਰੀਆ ਵੋਟਾਂ ਪੈਣ ਤੱਕ ਸਪਸ਼ਟ ਹੋ ਜਾਂਦਾ ਹੈ। ਸਾਡੇ ਇੱਥੇ ਨਿੱਜੀ ਵਿਰੋਧ, ਨਿੱਜੀ ਦੂਸ਼ਣਬਾਜ਼ੀ ਹਾਵੀ ਹੋ ਜਾਣ ਕਾਰਨ ਲੋਕ-ਮਸਲੇ ਅਤੇ ਸਮੱਸਿਆਵਾਂ ਹਾਸ਼ੀਏ 'ਤੇ ਚਲੀਆਂ ਜਾਂਦੀਆਂ ਹਨ। ਜਦੋਂ ਤੱਕ ਵੋਟਾਂ ਦਾ ਦਿਨ ਆਉਂਦਾ ਹੈ, ਵੱਖ-ਵੱਖ ਵਰਗਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਜੋੜ-ਤੋੜ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਉਦੋਂ ਤੱਕ ਬਹੁ-ਗਿਣਤੀ ਲੋਕ ਜਜ਼ਬਾਤੀ ਹੋ ਕੇ ਅਸਲ ਮੁੱਦੇ ਭੁੱਲ-ਭੁਲਾ ਜਾਂਦੇ ਹਨ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks
14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।
ਸਟਰੋਕ ਦੇ ਲੱਛਣਾਂ ਬਾਰੇ ਸਿੱਖੋ
Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!
ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ
heartandstroke.ca/Punjabi
Heart &Stroke™
With the support of BRITISH COLUMBIA
© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

862 ਮਾਤਾ ਗੁਜਰੀ ਉਨ੍ਹਾਂ ਦੇ ਸਾਥ ਗਏ, ਕਰ ਪੋਤਿਆਂ ਨਾਲ ਪਿਆਰ ਸਾਹਿਬ।
ਜਿਸ ਕਾਜ ਲਈ ਆਏ ਸੀ ਜਗ ਉਤੇ, ਪੂਰੇ ਕਰ ਗਏ ਉਹ ਉਪਕਾਰ ਸਾਹਿਬ।
ਦਾਦੇ ਵਾਂਙ ਹੀ ਉਨ੍ਹਾਂ ਨੇ ਦੁਖੀਆਂ ਦਾ, ਸਿਰ ਆਪਣੇ ਲੈ ਲਿਆ ਭਾਰ ਸਾਹਿਬ।
ਜਿਊਂਦਾ ਰਹੇਗਾ ਖਾਲਸਾ ਪੰਥ ਤੇਰਾ, ਜਿੰਨਾ ਚਿਰ ਹੈ ਇਹ ਸੰਸਾਰ ਸਾਹਿਬ॥

### ਮਾਤਾਵਾਂ ਦਾ ਰੁਦਨ ਕਰਨਾ

863 ਇਹ ਸੁਣ ਮਾਤਾਵਾਂ ਨੇ ਰੁਦਨ ਕੀਤਾ, ਵਿਚ ਬੱਚਿਆਂ ਮਾਵਾਂ ਦੀ ਜਾਨ ਭਾਈ।
ਪੱਤਾ ਟੁੱਟੇ ਤੇ ਸਾਖ਼ 'ਚੋਂ ਦੁੱਧ ਸਿੰਮੇ, ਦੇਖੋ ਰੁੱਖ ਵੀ ਦੁੱਖ ਮਣਾਨ ਭਾਈ।
ਦਿਲ ਅੱਖਾਂ ਦੇ ਵਿੱਚੋਂ ਦੀ ਬਹਿ ਤੁਰਿਆ, ਆਂਸੂ ਅੱਖੀਆਂ ਭਰ ਬਰਸਾਉਣ ਭਾਈ।
ਹਰਚੰਦ ਸਿੰਘਾ ਸੰਗਤਾਂ ਰੋਣ ਭੁੱਬੀਂ, ਸਤਿਗੁਰੂ ਸਾਰਿਆਂ ਤਾਈਂ ਸਮਝਾਣ ਭਾਈ॥

### ਗੁਰੂ ਜੀ

864 ਦੇਸ਼-ਕੌਮ ਦੇ ਉਤੋਂ ਸ਼ਹੀਦ ਹੋਏ, ਹੋਏ ਅਮਰ ਮੌਤ ਨੂੰ ਮਾਰ ਕੇ ਉਹ।
ਜੇਤੂ ਹੋ ਕੇ ਸੁਰਖਰੂ ਜਾਨ ਕੀਤੀ, ਹੋਏ ਗੁਲਾਮ ਨਹੀਂ ਧਰਮ ਨੂੰ ਹਾਰ ਕੇ ਉਹ।
ਤੇਲ ਬਣ ਕੇ ਜ਼ੁਲਮ ਦੀ ਜੜ ਪੈ ਗਏ, ਰੱਖ ਦੇਣਗੇ ਜਬਰ ਉਜਾੜ ਕੇ ਉਹ।
ਹਰਚੰਦ ਸਿੰਘਾ ਗੁਲਾਮੀ ਦੇ ਬੜੀ ਛੇਤੀ, ਝੰਡੇ ਸੁੱਟਣਗੇ ਦੇਖੋ ਉਤਾਰ ਕੇ ਉਹ॥

865 ਵਿੱਚ ਚਮਕੌਰ ਦੇ ਅਜੀਤ-ਜੁਝਾਰ ਦੋਵੇਂ, ਬੀਰਾਂ ਵਾਂਙ ਵੀਰਾਂ ਦੇ ਨਾਲ ਸੁੱਤੇ।
ਜ਼ੋਰਾਵਰ ਤੇ ਫ਼ਤਹਿ ਸਿੰਘ ਦੋਏ, ਸਰਹਿੰਦ ਵਿੱਚ ਨੇ ਕਰ ਕਮਾਲ ਸੁੱਤੇ।
ਛੋਟੀ ਉਮਰ ਤੇ ਵੱਡੇ ਕਾਰਨਾਮੇ, ਮਚਾ ਸਿੱਖੀ ਦੀ ਉਹੋ ਮਸਾਲ ਸੁੱਤੇ।
ਹਰਚੰਦ ਸਿੰਘਾ ਕੀਮਤੀ ਵਾਰ ਜਾਨਾਂ, ਕਰ ਕੌਮ ਨੂੰ ਮਾਲਾ-ਮਾਲ ਸੁੱਤੇ॥

866 ਵੈਰਾਗ ਕਰਨ ਦੀ ਨਹੀਂ ਹੈ ਲੋੜ ਕੋਈ, ਚੜ੍ਹਦੀ ਕਲਾ ਧਰਮ ਇਨਸਾਨ ਦਾ ਏ।
ਇਹ ਜੱਗ ਸਰਾਂ ਮੁਸਾਫਿਰਾਂ ਦੀ, ਚੱਕਰ ਚਲਦਾ ਆਣ ਤੇ ਜਾਣ ਦਾ ਏ।
ਜੋ ਜੰਮਿਆ ਉਸ ਨੇ ਮੁੱਕਣਾ ਏ, ਧੁਰੋਂ ਦਸਤੂਰ ਇਹ ਇਸ ਜਹਾਨ ਦਾ ਏ।
ਹਰਚੰਦ ਸਿੰਘਾ ਆਪਾਂ ਵੀ ਤੁਰ ਜਾਣਾ, ਸੱਦਾ ਆਇਆ ਜਦ ਭਗਵਾਨ ਦਾ ਏ॥

867 ਸ਼ਹੀਦ ਹੁੰਦੇ ਸਰਮਾਇਆ ਕੌਮਾਂ ਦਾ ਏ, ਕੌਮਾਂ ਉਨ੍ਹਾਂ ਨੂੰ ਨਹੀਂ ਭੁਲਾਉਂਦੀਆਂ ਨੇ।
ਸਾਲੋ ਸਾਲੀ ਉਨ੍ਹਾਂ ਦੇ ਭਰਨ ਮੇਲੇ, ਜਸ ਸਦਾ ਉਨ੍ਹਾਂ ਦਾ ਗਾਉਂਦੀਆਂ ਨੇ।
ਬਣ ਜਾਵੰਦੇ ਰੂਪ ਪਰਮਾਤਮਾ ਦਾ, ਆ ਕੇ ਸੰਗਤਾਂ ਸੀਸ ਝੁਕਾਉਂਦੀਆਂ ਨੇ।
ਹਰਚੰਦ ਸਿੰਘਾ ਸਦਾ ਸਹਾਦਤਾਂ ਹੀ, ਜੂਲ਼ਾ ਗਲੋਂ ਗੁਲਾਮੀ ਦਾ ਲਾਹੁੰਦੀਆਂ ਨੇ॥

868 ਅਕਾਲ ਪੁਰਖ ਦੀ ਰਜ਼ਾ ਦੇ ਵਿੱਚ ਰਹੀਏ, ਹੋਂਦ ਉਸਦੀ ਕਦੇ ਭੁਲਾਈਏ ਨਾ।
ਨਫ਼ਾ ਹੋਏ ਤੇ ਖੁਸ਼ੀ ਕਰੀਏ ਨਾ, ਘਾਟਾ ਪਵੇ ਤਾਂ ਸੋਗ ਮਨਾਈਏ ਨਾ।
ਜੋ ਮਿਲਿਆ ਉਸ ਦਾ ਸਬਰ ਕਰੀਏ, ਹੱਕ ਦੂਜੇ ਦਾ ਖੋਹ ਕੇ ਖਾਈਏ ਨਾ।
ਪੁੱਤ-ਧੀਆਂ ਦਾਤ ਹੈ ਵਾਹਿਗੁਰੂ ਦੀ, ਹਰਚੰਦ ਸਿੰਘਾ ਹੱਕ ਜਤਾਈਏ ਨਾ॥

869 ਖੁਸ਼ੀ ਕਰੋ ਤੁਹਾਡੇ ਪੁੱਤਰਾਂ ਨੇ, ਦਾਗ਼ ਦੇਸ਼ ਤੇ ਕੌਮ ਨੂੰ ਲਾਇਆ ਨਹੀਂ।
ਸਭ ਸੁੱਖਾਂ ਨੂੰ ਲੱਤ ਉਹ ਮਾਰ ਗਏ, ਦੀਨ ਆਪਣਾ ਪਰ ਬਟਾਇਆ ਨਹੀਂ।
ਦੁੱਖਾਂ-ਭੁੱਖਾਂ ਨੂੰ ਉਨ੍ਹਾਂ ਨੇ ਗਲ ਲਾਇਆ, ਭੈ ਮੌਤ ਦਾ ਉਨ੍ਹਾਂ ਨੂੰ ਆਇਆ ਨਹੀਂ।
ਹਰਚੰਦ ਸਿੰਘਾ ਜਿੰਦ ਕੁਰਬਾਨ ਕਰ ਗਏ, ਰਹਿਮ ਵਾਸਤੇ ਤਰਲਾ ਪਾਇਆ ਨਹੀਂ॥

870 ਸਿੱਖੋ-ਸਿੱਖੀ ਨੂੰ ਢਾਹੁਣਗੇ ਬਹੁਤ ਬੰਦੇ, ਪਰ ਇਸ ਨੇ ਫੇਰ ਵੀ ਢਹਿਣਾ ਨਹੀਂ।
ਢਾਹੁਣ ਵਾਲੇ ਆਪ ਨੇ ਢਹਿ ਜਾਣੇ, ਫ਼ਰਕ ਇਸ ਨੂੰ ਰੱਤੀ ਵੀ ਪੈਣਾ ਨਹੀਂ।
ਰੱਖੂ ਸਭ ਨੂੰ ਜੁੱਤੀ ਦੀ ਨੋਕ ਉਤੇ, ਟੈਂ ਇਸ ਨੇ ਕਿਸੇ ਦਾ ਸਹਿਣਾ ਨਹੀਂ।
ਹਰਚੰਦ ਸਿੰਘਾ ਟੱਪੂ ਇਹ ਸਾਗਰਾਂ ਨੂੰ, ਇਸ ਬੈਠ ਪੰਜਾਬ ਵਿਚ ਰਹਿਣਾ ਨਹੀਂ॥

871 ਰਾਗੀ ਸਿੰਘੋ ਢੋਲਕੀ ਛੈਣਿਆਂ ਤੇ, ਗੁਰਬਾਣੀ ਦਾ ਛੇੜੋ ਰਾਗ ਭਾਈ।
ਕਲਾ ਚੜ੍ਹਦੀ ਹੋਏ ਖਾਲਸੇ ਦੀ, ਦੂਰ ਮਨਾਂ 'ਚੋਂ ਹੋਏ ਵੈਰਾਗ ਭਾਈ।
ਬੀਤੇ ਵਕਤ ਤੇ ਕਰਨਾ ਸੋਗ ਮਾੜਾ, ਵਰਤਮਾਨ ਦਾ ਮਾਣੋ ਸੁਹਾਗ ਭਾਈ।
ਅਕਾਲ ਪੁਰਖ ਨੇ ਵੇਖੀਂ ਹਰਚੰਦ ਸਿੰਘਾ, ਲਾਉਣੇ ਸਿੱਖੀ ਨੂੰ ਬੜੇ ਹੀ ਭਾਗ ਭਾਈ॥

### ਸਤਿਗੁਰੂ ਜੀ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਵਾਉਣੀ

872 ਨਵਾਬ ਹਾਰ ਕੇ ਜਾ ਸਰਹਿੰਦ ਬੈਠਾ, ਕੀਤਾ ਮਾਲਵੇ ਵੱਲ ਨਾ ਮੁੱਖ ਹੈ ਸੀ।
ਦਮਦਮਾ (ਤਲਵੰਡੀ ਸਾਬੋ) ਅਨੰਦਪੁਰ ਬਣ ਗਿਆ, ਕੀਤਾ ਸੰਗਤਾਂ ਇੱਧਰ ਨੂੰ ਰੁਖ਼ ਹੈ ਸੀ।
ਦਮ ਲਿਆ ਤਲਵਾਰਾਂ ਨੇਜ਼ਿਆਂ ਨੇ, ਯੁੱਧ ਵੱਲੋਂ ਹੋਈ ਸੁੱਖ ਹੈ ਸੀ।
ਹਰਚੰਦ ਸਿੰਘਾ ਗੁਰੂ ਦੇ ਦਰਸ਼ਨਾਂ ਦੀ, ਲਾਹੀ ਆ ਕੇ ਸੰਗਤਾਂ ਭੁੱਖ ਹੈ ਸੀ॥

### ਕਵੀਓ ਵਾਚ

873 (ਭਾਈ) ਮਨੀ ਸਿੰਘ ਜੀ ਧਨੀ ਕਲਮ ਦਾ ਸੀ, ਉਚ ਪਾਏ ਦਾ ਉਹ ਵਿਦਵਾਨ ਹੈ ਸੀ।
ਲਿਵ ਲੱਗੀ ਅਕਾਲ ਦੇ ਨਾਲ ਉਸਦੀ, ਗੁਰਬਾਣੀ ਦਾ ਬੜਾ ਗਿਆਨ ਹੈ ਸੀ।
ਭਗਤੀ ਵਿਚੋਂ ਸ਼ਕਤੀ ਕਰੀ ਪੈਦਾ, ਘੋੜ ਅਸਵਾਰ ਤੇ ਬੜਾ ਬਲਵਾਨ ਹੈ ਸੀ।
ਅੱਖਰ ਲਿਖ ਕੇ ਛਾਪਾ ਉਤਾਰ ਦੇਂਦਾ, ਪੰਜਾਬੀ ਬੋਲੀ ਦੀ ਬੜੀ ਪਹਿਚਾਣ ਹੈ ਸੀ॥

### ਗੁਰੂ ਜੀ

874 ਕਹਿੰਦੇ ਗੁਰੂ ਜੀ ਮਨੀ ਸਿੰਘ ਤਾਈਂ, ਬੀੜ ਨਵੀਂ ਕਰ ਤਿਆਰ ਸਿੰਘਾ।
ਧੀਰ ਮੱਲੀਏ ਬੀੜ ਨਾ ਦੇਂਵਦੇ ਨੇ, ਕਰ ਦਿੱਤਾ ਹੈ ਉਨ੍ਹਾਂ ਇਨਕਾਰ ਸਿੰਘਾ।
ਤੂੰ ਲਿਖ ਤੇ ਅਸੀਂ ਲਿਖਾਵਣੇ ਹਾਂ, ਕਰ ਕੌਮ ਦੇ ਉਤੇ ਉਪਕਾਰ ਸਿੰਘਾ।
ਨੌਵੇਂ ਪਾਤਿਸ਼ਾਹ ਦੀ ਬਾਣੀ ਦਰਜ ਕਰਕੇ, ਸੁਹਣਾ ਜਿਹਾ ਛਾਪਾ ਉਤਾਰ ਸਿੰਘਾ॥

### ਕਵੀਓ ਵਾਚ

875 ਇੱਕ ਪਾਸੇ ਤੰਬੂ ਲਗਾ ਦਿੱਤਾ, ਲਾ ਗੱਦੀਆਂ ਚੌਕੀਆਂ ਧਰਨ ਲੱਗੇ।
ਦਿਨ-ਰਾਤ ਭਾਈ ਮਨੀ ਸਿੰਘ ਜੀ, ਬੀੜ ਨਵੀਂ ਤਿਆਰ ਸੀ ਕਰਨ ਲੱਗੇ।
ਸੁੰਦਰ ਅੱਖਰ ਮੋਤੀਆਂ ਵਾਂਙ ਚਿਣਕੇ, ਕੋਰੇ ਕਾਗਜ਼ ਨਿੱਤ ਉਹ ਭਰਨ ਲੱਗੇ।
ਹਰਚੰਦ ਸਿੰਘਾ ਪਿਆਰ ਦੇ ਨਾਲ ਸਤਿਗੁਰ, ਮਨੀ ਸਿੰਘ ਲਈ ਕਲਮਾਂ ਘੜਨ ਲੱਗੇ॥

876 ਸੰਪੂਰਨ ਕਰਕੇ ਬੀੜ ਦਸਮੇਸ਼ ਜੀ ਨੇ, ਨਾਲ ਸ਼ਰਧਾ ਸੀਸ ਝੁਕਾਇਆ ਏ।
ਸਹਿਜ ਪਾਠ ਸੀ ਫਿਰ ਪ੍ਰਕਾਸ਼ ਕਰਕੇ, ਬਾਣੀ ਪੜ੍ਹੀ ਤੇ ਭੋਗ ਪਵਾਇਆ ਏ।
ਇਸ ਬੀੜ ਨੂੰ ਗੁਰਾਂ ਪ੍ਰਵਾਨ ਕਰਕੇ, ਸਿੱਖ ਜਗਤ ਦੀ ਝੋਲੀ ਪਾਇਆ ਏ।
ਨਾਂਦੇੜ ਸਾਹਿਬ ਗੁਰਗੱਦੀ ਦੇਹ ਹੱਥੀਂ, ਗੁਰੂ ਗ੍ਰੰਥ ਸਾਹਿਬ ਬਣਾਇਆ ਏ॥

### ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਦੱਖਣ ਵੱਲ ਕੂਚ

877 ਨੌ ਮਹੀਨੇ ਨੌ ਦਿਨ ਦਸਮੇਸ਼ ਜੀ ਨੇ, ਦਮਦਮੇ ਸਾਹਿਬ (ਤਲਵੰਡੀ) ਡੇਰਾ ਲਾਇਆ ਏ।
ਅਕਾਲ ਪੁਰਖ ਦਾ ਆਇਆ ਹੁਕਮ ਜਦੋਂ, ਦਾਤੇ ਕੂਚ ਦਾ ਹੁਕਮ ਸੁਣਾਇਆ ਏ।
ਸੁਣ ਸੰਗਤਾਂ ਰੋ ਰੋ ਅਰਜ ਕੀਤੀ, ਹੋਰ ਰਹਿਣ ਦਾ ਵਾਸਤਾ ਪਾਇਆ ਏ।
ਕਹਿੰਦੇ ਸਤਿਗੁਰ ਸਾਡੇ ਨਾ ਵੱਸ ਕੋਈ, ਸਾਨੂੰ ਕਿਸੇ ਨੇ ਅੱਗੇ ਬੁਲਾਇਆ ਏ॥

### ਸੱਚੀ ਸਰਕਾਰ ਨੇ ਆਪਣੇ ਮਹਿਲਾਂ (ਮਾਤਾਵਾਂ) ਨੂੰ ਦਿੱਲੀ ਜਾਣ ਲਈ ਕਿਹਾ

878 ਕਹਿੰਦੇ ਗੁਰੂ ਜੀ ਆਪਣੇ ਮਹਿਲਾਂ ਨੂੰ, ਅਸੀਂ ਦੱਖਣ ਦਿਸ਼ਾ ਨੂੰ ਜਾਵਣਾ ਏ।
ਮਾਰੂਥਲ ਅਸਾਂ ਨੇ ਪਾਰ ਕਰਨੇ, ਬੜਾ ਕਸ਼ਟ ਰਾਹਾਂ ਵਿਚ ਆਵਣਾ ਏ।
ਅੰਨ-ਪਾਣੀ ਛਾਂ ਅਸਥਾਨ ਕਿਤੇ, ਭਾਗਾਂ ਨਾਲ ਹੀ ਉਥੇ ਥਿਆਵਣਾ ਏ।
ਗਰਮ ਰੇਤ, ਹਨੇਰੀਆਂ, ਟੋਏ-ਟਿੱਬੇ, ਦੁਸ਼ਮਣ ਟੱਕਰੇ ਜੰਗ ਮਚਾਵਣਾ ਏ॥

879 ਦੋਵੇਂ ਭੈਣਾਂ ਦਿੱਲੀ ਨੂੰ ਮੁੜ ਜਾਓ, ਨਾਲ ਸਾਡੇ ਔਕੜਾਂ ਭਾਰੀਆਂ ਨੇ।
ਸਾਨੂੰ ਪਤਾ ਇਕੱਲਿਆਂ ਬਸਰ ਔਖਾ, ਸੁਖੀ ਕੰਤਾਂ ਨਾਲ ਹੀ ਨਾਰੀਆਂ ਨੇ।
ਪਰ ਅਸੀਂ ਬੜੇ ਨੇ ਕੰਮ ਕਰਨੇ, ਬਹੁਤ ਨਿਭਾਉਣੀਆਂ ਜ਼ਿੰਮੇਵਾਰੀਆਂ ਨੇ।
ਸਮਾਂ ਕੱਢ ਮਿਲਾਂਗੇ ਆਣ ਦਿੱਲੀ, ਗੱਲਾਂ ਸਾਰੀਆਂ ਸੱਚ ਉਚਾਰੀਆਂ ਨੇ॥

### ਮਾਤਾ ਸੁੰਦਰੀ ਜੀ

880 ਵਚਨ ਸੁਣ ਮਾਤਾਵਾਂ ਨੇ ਨੈਣ ਭਰੇ, ਕਿਉਂ ਸਾਹਿਬ ਵਿਛੋੜੇ ਪਾਉਣ ਲੱਗੇ।
ਇਹ ਤੇ ਦੱਸੋ ਸਾਡਾ ਕਸੂਰ ਕੀ ਏ, ਕਿਸ ਦੋਸ਼ ਦੀ ਸਜ਼ਾ ਸੁਣਾਉਣ ਲੱਗੇ।
ਸੀਤਾ ਵਾਂਙ ਸਾਨੂੰ ਵੀ ਨਾਲ ਰੱਖੋ, ਕਿਉਂ ਮੁਸ਼ਕਲਾਂ ਕੋਲੋਂ ਡਰਾਉਣ ਲੱਗੇ।
ਜਿੱਥੇ ਮਰਗੀਆਂ ਤੀਲ੍ਹੀ ਲਾ ਦੇਣੀ, ਕਿਉਂ ਜਿਊਂਦੀਆਂ ਤਾਈਂ ਜਲਾਉਣ ਲੱਗੇ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਭੂ ਤੋਂ ਇਲੈਕਟ੍ਰੋਨਿਕ ਇੰਜਨੀਅਰ ਦੀ ਡਿਗਰੀ ਪਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਸੰਪਰਕ: 778-564-1556

feb12

ਕੈਨੇਡੀਅਨ ਪੀ.ਆਰ. ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'10" ਵਾਸਤੇ ਪੰਜਾਬ ਤੋਂ ਜੱਟ ਸਿੱਖ ਲੜਕੀ ਦੀ ਲੋੜ ਹੈ। ਸਿਰਫ ਉਹ ਹੀ ਸੰਪਰਕ ਕਰਨ ਜੋ ਇਸ ਲੜਕੇ ਦੇ ਇੰਡੀਆ ਰਹਿ ਰਹੇ ਭਰਾ, ਉਮਰ ੩੪ ਸਾਲ, ਵਾਸਤੇ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ: ਕੈਨੇਡਾ ਮੋਬਾ. 604-782-9070, ਇੰਡੀਆ ਮੋਬਾ. 98788-39304

feb26

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 778-551-1800

feb12

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

feb05

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan22

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan22

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ 1 ਫਰਵਰੀ ਤੋਂ ਕਿਰਾਏ ਲਈ ਉਪਲਬਧ ਹੈ ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ।ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

ਪੰਜਾਬੀ ਮਾਰਕੀਟ ਵੈਨਕੂਵਰ ਦੇ ਐਨ ਵਿਚਕਾਰ 2 ਬੈਂਡਰੂਮ ਹਾਊਸ ਕਿਰਾਏ ਲਈ ਖਾਲੀ ਹੈ। ਲਗਾਂਰਾ ਕਾਲਜ ਅਤੇ ਕੈਨੇਡਾ ਲਾਈਨ ਸਕਾਈਟਰੇਨ ਦੇ ਨਜ਼ਦੀਕ। ਡਾਊਨਟਾਊਨ ਲਈ ਸਿੱਧੀ ਬੱਸ। ਪਾਲਤੂ ਜਾਨਵਰ ਅਤੇ ਸਮੋਕਿੰਗ ਦੀ ਮਨਾਹੀ। ਸੰਪਰਕ : 604-377-4085

27 feb

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੈਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।




# ਟਰੱਕ ਡਰਾਈਵਰਾਂ ਲਈ ਟੀਕਾ ਆਦੇਸ਼ ਖ਼ਿਲਾਫ਼ ਫਰੀਡਮ ਕਾਫਲੇ ਦੇ ਸਮਰਥਨ ਵਿਚ ਉਮੜੀ ਲੋਕਾਂ ਦੀ ਵੱਡੀ ਭੀੜ

ਵਿਨੀਪੈਗ-ਟਰੱਕ ਡਰਾਈਵਰਾਂ ਲਈ ਫੈਡਰਲ ਸਰਕਾਰ ਦੇ ਟੀਕਾ ਆਦੇਸ਼ ਦੇ ਵਿਰੋਧ ਵਿਚ ਅਕਰੌਸ ਕੈਨੇਡਾ ਫਰੀਡਮ ਕਾਫਲਾ ਜਦੋਂ ਵਿਨੀਪੈਗ ਵਿਚ ਪੁੱਜਾ ਤਾਂ ਸਮਰਥਨ ਵਿਚ ਲੋਕਾਂ ਦੀ ਵੱਡੀ ਭੀੜ ਇਕੱਤਰ ਹੋ ਗਈ ਪਰ ਜਦੋਂ ਮੋਟਰ ਗੱਡੀਆਂ ਦਾ ਕਾਫਲਾ ਟਰੈਫਿਕ ਸੁਰੱਖਿਆ ਕਾਰਨਾਂ ਨੂੰ ਲੈ ਕੇ ਸਵਾਗਤ ਲਈ ਨਾ ਰੁਕਿਆ ਤਾਂ ਕੁਝ ਲੋਕਾਂ ਨੂੰ ਨਿਰਾਸ਼ਾ ਹੋਈ। ਕਾਫਲੇ ਦੇ ਸਮਰਥਨ ਵਿਚ ਵਿਨੀਪੈਗ ਦੇ ਪੱਛਮ ਵਿਚ ਹੈਡਿੰਗਲੇ ਵਿਚ ਹਾਈਵੇਅ ਇਕ ਦੇ ਦੋਵਾਂ ਕਿਨਾਰਿਆਂ 'ਤੇ ਵੱਡੀ ਗਿਣਤੀ ਵਿਚ ਲੋਕ ਅਤੇ ਮੋਟਰ ਗੱਡੀਆਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਮੌਕੇ 'ਤੇ ਮੌਜੂਦ ਇਕ ਆਰਸੀਐਮਪੀ ਅਫਸਰ ਨੇ ਦੱਸਿਆ ਕਿ ਪੁਲਿਸ ਅਤੇ ਕਾਫਲੇ ਦੇ ਪ੍ਰਬੰਧਕਾਂ ਨੇ ਮਿਲ ਕੇ ਫ਼ੈਸਲਾ ਕੀਤਾ ਕਿ ਗਰੁੱਪ ਲਈ ਰੁਕਣਾ ਅਸੁਰੱਖਿਅਤ ਹੈ ਕਿਉਂਕਿ ਸੜਕ ਦੇ ਨਾਲ ਬਹੁਤ ਸਾਰੇ ਲੋਕ ਮੌਜੂਦ ਸਨ ਅਤੇ ਫਲਾਈਇੰਗ ਜੇ ਟਰੱਕ ਸਟਾਪ 'ਤੇ ਟਰੱਕਾਂ ਦੇ ਰੁਕਣ ਲਈ ਕੋਈ ਥਾਂ ਨਹੀਂ ਸੀ ਜਿਸ ਨੂੰ ਰੈਲੀ ਲਈ ਸਟਾਪ ਵਜੋਂ ਵਰਤਣ ਦਾ ਇਰਾਦਾ ਕੀਤਾ ਹੋਇਆ ਸੀ। ਆਰਸੀਐਮਪੀ ਸਾਰਜੈਂਟ ਮਾਰਕ ਹਿਊਮ ਜਿਹੜੇ ਟਰੱਕ ਸਟੌਪ ਨੇੜੇ




**HOMELAND MORTGAGE CORP.**

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA











ਹਾਈਵੇਅ 'ਤੇ ਆਵਾਜਾਈ ਨੂੰ ਨਿਰਦੇਸ਼ਤ ਕਰਨ ਲਈ ਮੌਕੇ 'ਤੇ ਕਈ ਹੋਰ ਅਫਸਰਾਂ ਨਾਲ ਮੌਜੂਦ ਸਨ ਨੇ ਕਿਹਾ ਕਿ ਅਜਿਹਾ ਸਿਰਫ ਸੁਰੱਖਿਆ ਲਈ ਕੀਤਾ ਗਿਆ ਹੈ। ਆਰਸੀਐਮਪੀ ਨੇ ਟਰੱਕ ਸਟਾਪ ਨੂੰ ਜਾਣ ਦਾ ਰਸਤਾ ਰੋਕ ਦਿੱਤਾ ਅਤੇ ਕਾਫਲਾ ਪੂਰਬ ਵੱਲ ਨੂੰ ਚਲ ਪਿਆ। ਹਿਊਮ ਨੇ ਦੱਸਿਆ ਕਿ ਇਥੇ ਬਹੁਤ ਸਾਰੇ ਲੋਕ ਤੇ ਬਹੁਤ ਸਾਰੀਆਂ ਮੋਟਰ ਗੱਡੀਆਂ ਇਕੱਤਰ ਹੋਈਆਂ ਸਨ। ਅਸੀਂ ਰੋਡ 'ਤੇ ਪ੍ਰਬੰਧਕ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਕਿਹਾ ਕਿ ਇਥੇ ਅਜਿਹਾ ਕਰਨਾ ਸਹੀ ਨਹੀਂ ਹੋ ਸਕਦਾ। ਪਾਰਕਿੰਗ ਵਾਲੀ ਥਾਂ ਭਰੀ ਪਈ ਸੀ। ਸਾਡਾ ਉਨ੍ਹਾਂ ਨੂੰ ਨਾ ਰੋਕਣ ਦਾ ਪੂਰਾ ਇਰਾਦਾ ਸੀ। ਰੈਲੀ ਦੌਰਾਨ ਆਰਸੀਐਮਪੀ ਮੌਕੇ 'ਤੇ ਮੌਜੂਦ ਰਹੇ ਅਤੇ ਇਕ ਈਮੇਲ ਵਿਚ ਕਿਹਾ ਕਿ ਕਾਫਲਾ 20 ਕਿਲੋਮੀਟਰ ਲੰਬਾ ਸੀ। ਇਸ ਪਿੱਛੋਂ ਇਹ ਕਾਫਲਾ ਓਟਵਾ ਲਈ ਰਵਾਨਾ ਹੋ ਗਿਆ।

### ਕਾਫਲਾ ਪ੍ਰਬੰਧਕਾਂ ਨੂੰ ਪੈਸਿਆਂ ਦੀ ਵਰਤੋਂ ਤੋਂ ਰੋਕਿਆ

ਸਰਹੱਦ 'ਤੇ ਟੀਕਾ ਆਦੇਸ਼ ਦਾ ਵਿਰੋਧ ਕਰ ਰਹੇ ਟਰੱਕ ਡਰਾਈਵਰਾਂ ਨੇ ਵਿਸ਼ਵ ਭਰ ਵਿਚੋਂ 4.5 ਮਿਲੀਅਨ ਡਾਲਰ ਤੋਂ ਵੀ ਵੱਧ ਪੈਸੇ ਦਾਨੀਆਂ ਤੋਂ ਇਕੱਤਰ ਕੀਤੇ ਪਰ ਫੰਡ ਇਕੱਤਰ ਕਰਨ ਵਾਲੇ ਪਲੇਟਫਾਰਮ ਗੋਫੰਡਮੀ ਨੇ ਪ੍ਰਬੰਧਕਾਂ ਨੂੰ ਪੈਸਿਆਂ ਦੀ ਵਰਤੋਂ ਕਰਨ ਤੋਂ ਆਰਜ਼ੀ ਤੌਰ 'ਤੇ ਰੋਕ ਦਿੱਤਾ ਹੈ। ਫਰੀਡਮ ਕਾਫਲਾ 2022 ਦਾ ਉਦੇਸ਼ ਕੈਨੇਡਾ ਤੇ ਅਮਰੀਕਾ ਦੇ ਟਰੱਕ ਡਰਾਈਵਰਾਂ ਨੂੰ ਨਵੇਂ ਨਿਯਮਾਂ ਖਿਲਾਫ ਓਟਵਾ ਲਿਆਉਣਾ ਹੈ ਜਿਨ੍ਹਾਂ ਤਹਿਤ ਟਰੱਕ ਡਰਾਈਵਰਾਂ ਵਰਗੇ ਜ਼ਰੂਰੀ ਵਰਕਰਾਂ ਸਮੇਤ ਸਾਰੇ ਯਾਤਰੀਆਂ ਲਈ ਸਰਹੱਦ ਦੇ ਆਰ ਪਾਰ ਜਾਣ ਤੋਂ ਪਹਿਲਾਂ ਮੁਕੰਮਲ ਟੀਕਾਕਰਣ ਕਰਵਾਉਣਾ ਜ਼ਰੂਰੀ ਹੈ। ਇਹ ਨਿਯਮ 15 ਜਨਵਰੀ ਨੂੰ ਲਾਗੂ ਹੋਇਆ ਹੈ। ਅਮਰੀਕਾ ਨੇ ਵੀ ਕੈਨੇਡਾ ਨਾਲ ਲਗਦੀ ਉੱਤਰੀ ਸਰਹੱਦ ਅਤੇ ਮੈਕਸੀਕੋ ਨਾਲ ਲਗਦੀ ਦੱਖਣੀ ਸਰਹੱਦ 'ਤੇ ਟਰੱਕ ਡਰਾਈਵਰਾਂ ਲਈ 22 ਜਨਵਰੀ ਤੋਂ ਇਹੀ ਸ਼ਰਤ ਲਗਾ ਦਿੱਤੀ ਹੈ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



Manulife Reduced 13% Term Rates For Limited Time
www.KaliaFinancial.com
Kalia Insurance and Financial Services
Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

OPEN 7 DAYS

ICBC autoplan www.goldkeyinsurance.ca


Practice Social Distancing
Please wear a face mask or face covering before entry
fruiticana hee jaana!
Your one and only Surrey owned
Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
Extra Super Super Special
Yellow Onions 50 lbs
ਪੀਲੇ ਗੰਢੇ
$10.99 bag
Super Special
Roma Tomatoes
ਰੋਮਾ ਟਮਾਟਰ
99¢ lb
Super Special
Long Eggplants
ਲੰਬੇ ਬਤਾਊਂ
99¢ lb
Super Special
Desi Karela
ਦੇਸੀ ਕਰੇਲਾ
99¢ lb
Super Special
Indian Eggplants
ਦੇਸੀ ਬਤਾਊਂ
99¢ lb
Super Special
Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb
Cilantro
ਧਨੀਆ
2 bunches for $1.50
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Green Bell Pepper
ਹਰੀ ਸ਼ਿਮਲਾ ਮਿਰਚਾਂ
99¢ lb
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
99¢ lb
Fresh Ginger
ਤਾਜ਼ਾ ਅਦਰਕ
$1.49 lb
Roasted Peanuts in Shell
ਭੁੱਜੀ ਮੂੰਗਫਲੀ
$1.99 lb
Nanak Rasmalai (All 3 Flavours)
ਨਾਨਕ ਰਸਮਲਾਈ ਵੱਖ-ਵੱਖ ਫਲੇਵਰ
$6.99 pkg.
Maggi Masala Noodles 70 g
ਮੈਗੀ ਮਸਾਲਾ ਨੂਡਲਸ
35¢ ea.
Maggi Masala Noodles 280 g
ਮੈਗੀ ਮਸਾਲਾ ਨੂਡਲਸ
2 for $2.99
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Pesi Gur Plain 2 lbs
ਪੇਸੀ ਗੁੜ
$3.99 pkg.
Product images may differ from the actual product.
Thur Jan 27, 2022 - Wed Feb 02, 2022
We reserve the right to limit the quantities while they last
Specials valid for Lower Mainland only
Head Office: 7676 Anvil Way, Surrey
604-502-0005
www.fruiticana.com
fruiticana SINCE 1994
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ---------------- 604-244-9520